## ਥਾਮਸ ਏਸਕੁਏਡਾ

### ਸਿਟੀ ਦਾ ਮੈਨੇਜਰ

### ਐਮਰਜੈਂਸੀ ਆਰਡਰ 2021-01

### ਕੋਵਿਡ 19 ਐਮਰਜੈਂਸੀ ਆਰਡਰ ਵਿੱਚ ਬਦਲਾਵ

ਫਰੈਸਨੋ ਮਯੂਨਿਸਿਪਲ ਕੋਡ ਸੈਕਸ਼ਨ 2-505 ਦੇ ਅਨੁਸਾਰ ਐਮਰਜੈਂਸੀ ਸੇਵਾਵਾਂ ਦੇ ਨਿਰਦੇਸ਼ਕ ਵਜੋਂ, ਅਤੇ ਕੋਵਿਡ-19 ਦੇ ਜਣਤਕ ਸਿਹਤ ਖਤਰੇ ਦੇ ਜਵਾਬ ਵਿੱਚ ਫਰੈਸਨੋ ਮਯੂਨਿਸਿਪਲ ਕੋਡ ਸੈਕਸ਼ਨ 2-506 ਵੱਲੋਂ ਮੇਰੇ ਵਿੱਚ ਨਿਵੇਸ਼ ਕੀਤੀਆਂ ਸ਼ਕਤੀਆਂ ਦੁਆਰਾ, ਮੈ ਹੇਠ ਲਿਖੇ ਆਦੇਸ਼ ਜਾਰੀ ਕਰਦਾ ਹਾਂ:

1. ਆਦੇਸ਼ ਸੋਮਵਾਰ, 13 ਸਿਤੰਬਰ, 2021 ਨੂੰ ਰਾਤੀ 12:01 ਵਜੇ ਲਾਗੂ ਹੋਵੇਗਾ, ਅਤੇ ਫਰੈਸਨੋ ਸਿਟੀ ਦੇ ਪੁਰਾਣੇ ਸਾਰੇ ਕੋਵਿਡ - 19 ਦੇ ਐਮਰਜੈਂਸੀ ਦੇ ਆਰਡਰ ਰੱਦ ਕਰ ਦਿੱਤੇ ਜਾਣਗੇ। ਇਹ ਆਦੇਸ਼ ਉਦੋਂ ਤੱਕ ਲਾਗੂ ਰਹਿਣਗੇ ਜਦੋਂ ਤਕ ਕੈਲੀਫੋਰਨੀਆ ਦੀ ਸਰਕਾਰ ਅਤੇ ਫਰੈਸਨੋ ਸਿਟੀ ਨੇ ਕੋਵਿਡ-19 ਦੇ ਸੰਬੰਧ ਵਿੱਚ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਹੈ, ਪਰ ਇਹ ਵਧਾਉਣ, ਘਟਾਉਣ ਜਾਂ ਬਦਲਾਵ ਦੇ ਅਧੀਨ ਹੋਣਗੇ।
2. ਇਹ ਆਦੇਸ਼ ਕੈਲੀਫੋਰਨੀਆ ਦੇ ਗਵਰਨਰ ਦੁਆਰਾ ਜਾਰੀ ਕੀਤੇ ਗਏ ਸਾਰੇ ਆਦੇਸ਼ਾਂ ਦੇ ਅਨੁਸਾਰ, ਅਤੇ ਸੰਦਰਭ ਦੁਆਰਾ ਸ਼ਾਮਲ ਕੀਤੇ ਗਏ ਹਨ, ਜੋ ਕਿ ਫਰੈਸਨੋ ਕਾਉਂਟੀ ਅਤੇ ਫਰੈਸਨੋ ਸਿਟੀ ਤੇ ਸਮੇਂ ਸਮੇਂ ਤੇ ਲਾਗੂ ਹੁੰਦੇ ਹਨ, ਅਤੇ 16 ਮਾਰਚ, 2020, ਘੋਸ਼ਣਾ ਮੇਅਰ ਲੀ ਬ੍ਰਾਂਡ ਦੁਆਰਾ ਇੱਕ ਸਥਾਨਕ ਐਮਰਜੈਂਸੀ ਘੋਸ਼ਿਤ ਕਰਦੇ ਹੋਏ।
3. ਫਰੈਸਨੋ ਸਿਟੀ ਦੇ ਅੰਦਰ ਦੇ ਸਾਰੇ ਲੋਕ ਅਤੇ ਫਰੈਸਨੋ ਸਿਟੀ ਦੇ ਸਾਰੇ ਬਿਜ਼ਨਸ ਗਵਰਨਰ ਦੁਆਰਾ ਜਾਰੀ ਕੀਤੇ ਗਏ ਐਮਰਜੈਂਸੀ ਆਦੇਸ਼ਾਂ ਦੀ ਪਾਲਣਾ ਕਰਨਗੇ, ਜਿਨਾਂ ਵਿੱਚ ਬਦਲਾਵ ਲਿਆਈਆ ਜਾ ਸਕਦਾ ਹੈ ਅਤੇ ਫਰੈਸਨੋ ਕਾਉਂਟੀ ਅਤੇ ਫਰੈਸਨੋ ਸਿਟੀ ‘ਤੇ ਲਾਗੂ ਹੁੰਦੀ ਹੈ।
4. ਇਸ ਐਮਰਜੈਂਸੀ ਆਰਡਰ ਦਾ ਉਦੇਸ਼ ਸਾਡੇ ਆਸ-ਪਾਸ ਦੇਖੇ ਗਏ ਕੋਵਿਡ-19 ਵਾਇਰਸ ਦੇ ਤੇਜ਼ੀ ਨਾਲ ਫੈਲਣ ਨੂੰ ਘਟਾਉਣ ਲਈ ਇੱਕ ਯੋਜਨਾ ਪ੍ਰਦਾਨ ਕਰਨਾ ਹੈ। ਸਾਰੇ ਸਿਟੀ ਕਰਮਚਾਰੀ ਫਰੈਸਨੋ ਸ਼ਹਿਰ ਦੀ ਜਨਤਕ ਸਿਹਤ, ਸੁਰੱਖਿਆ ਅਤੇ ਭਲਾਈ ਲਈ ਜ਼ਰੂਰੀ ਬੁਨਿਆਦੀ ਢਾਂਚਾ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ, ਅਤੇ ਸਿਟੀ ਇੱਕ ਵਿਸ਼ਵਵਿਆਪੀ ਮਹਾਂਮਾਰੀ ਦੇ ਦੌਰਾਨ ਸਿਟੀ ਦੇ ਕਰਮਚਾਰੀਆਂ ਦੁਆਰਾ ਪ੍ਰਦਰਸ਼ਿਤ ਸਮਰਪਣ ਅਤੇ ਵਚਨਬੱਧਤਾ ਦੀ ਪ੍ਰਸ਼ੰਸਾ ਕਰਦਾ ਹੈ। ਫਰੈਸਨੋ ਸਿਟੀ ਸਭ ਤੋਂ ਵਧੀਆ ਉਪਲਬਧ ਜਾਣਕਾਰੀ ਅਤੇ ਅੰਕੜਿਆਂ ਦੇ ਅਧਾਰ ਤੇ, ਅਤੇ ਸ਼ਹਿਰ ਵਾਸੀਆਂ ਅਤੇ ਕਰਮਚਾਰੀਆਂ ਦੇ ਨਿੱਜੀ ਜੀਵਨ ਵਿੱਚ ਮੁਸ਼ਕਿਲਾਂ ਨੂੰ ਘੱਟ ਤੋਂ ਘੱਟ ਕਰਨ ਲਈ ਉਚਿਤ ਵਿਚਾਰ ਦੇ ਨਾਲ ਕਟੌਤੀ ਦੇ ਉਪਾਅ ਲਾਗੂ ਕਰੇਗਾ।
5. ਫਰੈਸਨੋ ਵਿੱਚ ਕੋਵਿਡ -19 ਐਮਰਜੈਂਸੀ ਦੇ ਸਾਰੇ ਪੁਰਾਣੇ ਆਦੇਸ਼ ਰੱਦ ਕੀਤੇ ਗਏ ਹਨ, ਸਿਵਾਏ ਇਸ ਦੇ:
   - 5.1. 2020-09 ਕਰਮਚਾਰੀ ਕੋਵਿਡ-19 ਦੀ ਸੇਲਫ-ਸਕ੍ਰੀਨਿੰਗ।
   - 5.2. 2020-10 ਕਰਮਚਾਰੀ ਦੀ ਛੁੱਟੀ ਦਾ ਭੁਗਤਾਨ (ਜਿਸ ਹੱਦ ਤਕ ਬਾਕੀ ਕੋਵਿਡ-19 ਦੀ ਛੁੱਟੀ ਖਤਮ ਨਹੀਂ ਹੋਈ ਹੈ)।
   - 5.3. 2020-15 ਸਿਟੀ ਕਰਮਚਾਰੀਆਂ ਦੁਆਰਾ ਟੈਲੀਵਰਕ (ਸੋਧਿਆ) ਮੁੜ ਬਹਾਲ ਕੀਤਾ ਜਾਏਗਾ। ਵਿਭਾਗ ਦੇ ਨਿਰਦੇਸ਼ਕਾਂ ਕੋਲ ਕਰਮਚਾਰੀ ਜਾਂ ਕਰਮਚਾਰੀਆਂ ਦੇ ਸਮੂਹਾਂ ਨੂੰ ਉਨ੍ਹਾਂ ਦੇ ਘਰ ਜਾਂ ਹੋਰ ਮਨਜ਼ੂਰਸ਼ੁਦਾ ਸਥਾਨ ਤੋਂ ਟੈਲੀਵਰਕ ਕਰਨ ਦੀ ਇਜਾਜ਼ਤ ਦੇਣ ਦਾ ਵਿਵੇਕ ਹੋਵੇਗਾ ਅਤੇ ਉਹ ਆਪਣੇ ਵਿਵੇਕ ਤੇ ਕਿਸੇ ਕਰਮਚਾਰੀ ਦੇ ਟੈਲੀਵਰਕ ਨੂੰ ਸਮਾਪਤ ਜਾਂ ਮੁਅੱਤਲ ਕਰ ਸਕਦੇ ਹਨ।

ਵਿਭਾਗ ਦੇ ਨਿਰਦੇਸ਼ਕਾਂ ਨੂੰ, ਜੇ ਪ੍ਰੈਕਟਿਕਲ ਹੋਵੇ, ਕਰਮਚਾਰੀਆਂ ਨੂੰ ਐਡਵਾਂਸ ਵਿੱਚ ਸੂਚਨਾ ਦੇਣੀ ਚਾਹੀਦੀ ਹੈ ਜੇਕਰ ਟੈਲੀਵਰਕ ਨੂੰ ਰੋਕਿਆ ਜਾਂ ਸਸਪੈਂਡ ਕਰਨ ਦਾ ਨਿਰਣਾ ਬਣਾਇਆ ਗਿਆ ਹੈ।

6. ਸਿਟੀ ਹਾਲ ਤਕ ਜਨਤਕ ਪਹੁੰਚ।

6.1. ਬਿਜ਼ਨਸ ਚਲਾਉਣ ਵਾਸਤੇ ਸਿਟੀ ਹਾਲ ਜਨਤਾ ਲਈ ਖੁੱਲਾ ਰਹੇਗਾ। ਇਹ ਸੁਨਿਸ਼ਚਿਤ ਕਰਨ ਲਈ ਕਿ ਸਿਟੀ ਫਰੈਸਨੋ ਕਾਉਂਟੀ ਡਿਪਾਰਟਮੈਂਟ ਆਫ਼ ਪਬਲਿਕ ਹੈਲਥ ਅਤੇ ਓ.ਐਸ.ਐਚ.ਏ(OSHA) ਦੀਆਂ ਜ਼ਰੂਰਤਾਂ ਦੀ ਪਾਲਣਾ ਕਰ ਰਹੀ ਹੈ, ਸਾਰੇ ਕਰਮਚਾਰੀਆਂ ਨੂੰ ਵਰਕਪਲੇਸ ਵਿੱਚ ਦਾਖਲ ਹੋਣ ਤੋਂ ਪਹਿਲਾਂ ਸਵੈ-ਜਾਂਚ ਕਰਨ ਦੀ ਜ਼ਰੂਰਤ ਹੋਏਗੀ ਅਤੇ ਜਨਤਾ ਦੇ ਸਾਰੇ ਮੈਂਬਰਾਂ ਨੂੰ ਐਂਟਰੀ ਤੇ ਸਕ੍ਰੀਨ ਕੀਤਾ ਜਾਵੇਗਾ। ਸਾਰੇ ਦਰਸ਼ਕਾਂ ਦਾ ਸਿਟੀ ਹਾਲ ਵਿੱਚ ਮਾਸਕ ਪਹਿਨਣਾ ਲਾਜ਼ਮੀ ਹੈ।

6.2. ਸਿਟੀ ਕੌਂਸਲ, ਯੋਜਨਾ ਕਮਿਸ਼ਨ, ਇਤਿਹਾਸਿਕ ਸੰਭਾਲ ਦੀਆਂ ਪਬਲਿਕ ਮੀਟਿੰਗਾਂ ਟੈਲੀਫੋਨ ਉਪਕਰਣ ,ਵਰਚੂਅਲਈ ਜ਼ੂਮ ਅਤੇ ਕਿਸੇ ਹੋਰ ਪਲੇਟਫਾਰਮ ਤੇ ਹੋਣਗੀਆ। ਇਹ ਮੀਟਿੰਗਾਂ ਪਬਲਿਕ ਅਤੇ ਕਰਮਚਾਰੀਆਂ ਦੀ ਸੁਰੱਖਿਆ ਅਤੇ ਸੁਰੱਖਿਆ ਲਈ ਅਗਲੇ ਨੋਟਿਸ ਤੱਕ ਪਬਲਿਕ ਲਈ ਬੰਦ ਰਹਿਣਗੀਆਂ। ਅਧਿਕਾਰੀ ਅਤੇ ਕਰਮਚਾਰੀ ਕੌਂਸਲ ਅਤੇ ਸਿਟੀ ਮੈਨੇਜਰ ਦੀ ਮਰਜ਼ੀ ਅਨੁਸਾਰ ਵਿਅਕਤੀਗਤ ਰੂਪ ਵਿੱਚ ਹਾਜ਼ਰ ਹੋ ਸਕਦੇ ਹਨ।

6.3. ਅੱਪੋਇੰਟਮੇਂਟ ਦੇ ਨਾਲ ਬਿਜ਼ਨਸ ਚਲਾਉਣ ਲਈ ਜਨਤਾ ਲਈ ਇਹ ਵਿਭਾਗ ਉਪਲਬਧ ਹੋਣਗੇ:

6.3.1. ਯੋਜਨਾ ਅਤੇ ਵਿਕਾਸ ਕਾਉਂਟਰ

6.3.2. ਪਬਲਿਕ ਵਰਕਸ ਕਾਉਂਟਰ ਦਾ ਵਿਭਾਗ

6.3.3. ਪਬਲਿਕ ਯੁਟਿਲਿਟੀ ਕਾਉਂਟਰ ਦਾ ਵਿਭਾਗ

6.3.4. ਕਰਮਚਾਰੀ ਸੇਵਾਵਾਂ ਵਿਭਾਗ

6.3.5. ਕੋਡ ਇਨਫੋਰਸਮੈਂਟ ਕਾਉਂਟਰ

6.3.6. ਸਿਟੀ ਅਟਾਰਨੀ ਦਾ ਦਫਤਰ

6.4. ਅੱਪੋਇੰਟਮੇਂਟ ਦੀ ਲੋੜ ਤੋਂ ਬਿਨਾਂ ਬਿਜ਼ਨਸ ਚਲਾਉਣ ਲਈ ਜਨਤਾ ਵਾਸਤੇ ਇਹ ਵਿਭਾਗ ਉਪਲਬਧ ਹੋਣਗੇ:

6.4.1. ਪਾਰਕਿੰਗ ਡਿਵਿਜਨ ਕਾਉਂਟਰ

6.4.2. ਯੁਟਿਲਿਟੀ ਬਿੱਲਿੰਗ ਅਤੇ ਸੰਗ੍ਰਹਿ ਕਾਉਂਟਰ

6.4.3. ਬਿਜ਼ਨਸ ਲਾਇਸੈਂਸ ਕਾਉਂਟਰ

6.4.4. ਸਿਟੀ ਕੌਂਸਲ/ ਮੇਅਰ ਅਤੇ ਸਿਟੀ ਮੈਨੇਜਰ

6.5. ਪਬਲਿਕ ਦੇ ਮੈਂਬਰ ਜਿਹੜੇ ਅਪਾਹਜ ਨੇ ਹੋ ਯੋਗਤਾ ਪੂਰੀ ਕਰਨ ਵਿੱਚ ਅਸਫ਼ਲਤਾ ਦੇ ਕਾਰਣ ਕੁੱਝ ਜ਼ਰੂਰਤਾਂ ਦੀ ਪੂਰੀ ਜਾਂ ਕੁਝ ਹੱਦ ਤੱਕ ਪਾਲਣਾ ਦੇ ਯੋਗ ਨਹੀਂ ਹੋ ਸਕਦੇ, ਨੂੰ ADA ਟਾਇਟਲ ll ਦੀਆਂ ਲੋੜਾਂ ਦੇ ਅਨੁਸਾਰ ਸੇਵਾਵਾਂ ਜਾਂ ਲਾਭਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਵਾਜਬ ਬਦਲਾਵ ਕੀਤੇ ਜਾਣਗੇ, ਜਿਵੇਂ ਕਿ ਕਿਸੇ ਵਿਅਕਤੀ ਨੂੰ ਜੋ ਅਪਾਹਜਤਾ ਦਾ ਸੰਕੇਤ ਦਿੰਦਾ ਹੈ, ਉਨਾਂ ਨੂੰ ਬੈਠਣ ਤੋਂ ਉੱਠਣ ਜਾਂ ਸਾਹ ਲੈਣ ਵਿੱਚ ਅਯੋਗ ਵਿਅਕਤੀ ਨੂੰ ਦਾਖਿਲ ਕਰਨ ਸਮੇਂ ਮਾਸਕ ਪਹਣਨ ਤੋਂ ਰੋਕਦਾ ਹੈ, ਜਦਕਿ ਸਮਾਜਿਕ ਦੂਰੀ ਦੀਆਂ ਜ਼ਰੂਰਤਾਂ ਨੂੰ ਕਾਇਮ ਰੱਖਦੇ ਹੋਏ।

7. ਟੀਕਾਕਾਰਾਂ, ਮਾਸਕ, ਅਤੇ ਸਿਟੀ ਦੇ ਕਰਮਚਾਰੀਆਂ ਲਈ ਟੈਸਟਿੰਗ ਦੀਆਂ ਲੋੜਾਂ

7.1. ਸਿਟੀ ਦੇ ਕਰਮਚਾਰੀ ਅਤੇ ਵਿਜ਼ਿਟਰਸ ਤੋਂ ਸਿਟੀ ਦੀਆਂ ਸਹੂਲਤਾਂ ਲੈਣ ਵਾਲੀਆਂ ਨੂੰ ਅੰਦਰ ਮਾਸਕ ਪਾਉਣਾ ਚਾਹੀਦਾ ਹੈ, ਜਦੋਂ ਕਰਮਚਾਰੀ ਆਪਣੇ ਆਫਿਸ ਵਿੱਚ ਕਿਸੇ ਹੋਰ ਵਿਅਕਤੀ ਨਾਲ ਨਾ ਹੋਵੇ, ਉਸ ਸਮੇਂ ਛੋਟ ਹੈ।

7.2. ਸਿਟੀ ਹਾਲ ਵਿੱਚ ਘੁਮੰਣ ਵਾਲੇ ਸਾਰੇ ਵਿਅਕਤੀਆਂ ਨੂੰ ਸੁਰੱਖਿਆ ਸਕ੍ਰੀਨਿੰਗ ਵੇਲੇ ਤਾਪਮਾਨ, ਸ਼ਵਾਸਨ ਦੇ ਮਸਲੇ ਅਤੇ ਕੋਵਿਡ-19 ਵਾਲੇ ਕਿਸੇ ਹੋਰ ਵਿਅਕਤੀ ਨਾਲ ਨਜ਼ਦੀਕੀ ਸੰਪਰਕ ਦੇ ਸੰਬੰਧ ਵਿੱਚ, ਸਿਹਤ ਜਾਂਚ ਲਈ ਜਮਾਂ ਕਰਵਾਉਣਾ ਜ਼ਰੂਰੀ ਹੋਵੇਗਾ।

7.3. ਬਸ ਚਾਲਕਾਂ ਅਤੇ ਹਵਾਈ ਅੱਡੇ ਦੇ ਕਰਮਚਾਰੀਆਂ ਨੂੰ ਜਨਤਕ ਆਵਾਜਾਈ ਦੇ ਸੰਚਾਲਨ ਦੌਰਾਨ ਜਾਂ ਹਵਾਈ ਅੱਡੇ ਦੇ ਅੰਦਰ ਟੀ.ਐਸ.ਏ(TSA) ਦੇ ਅਧੀਨ ਮਾਸਕ ਪਹਣਨਾ ਜ਼ਰੂਰੀ ਹੈ। ਸਿਟੀ ਦੇ ਕਰਮਚਾਰੀਆਂ ਨੂੰ ਵਾਹਨ ਕਿਸੇ ਹੋਰ ਨਾਲ ਸਾਂਝ ਕਰਦੇ ਸਮੇਂ ਅਤੇ ਅੰਦਰ ਹਵਾ ਆਉਣ ਲਈ ਖਿੜਕੀ ਨੂੰ ਨੀਚੇ ਕਰਦੇ ਸਮੇਂ ਮਾਸਕ ਪਹਣਨਾ ਹੋਵੇਗਾ।

7.4. ਸੋਮਵਾਰ, 20 ਸਿਤੰਬਰ, 2021 ਤੋਂ ਪ੍ਰਭਾਵੀ, ਸਾਰੇ ਸ਼ਹਿਰ ਦੇ ਕਰਮਚਾਰੀ 10 ਸਤੰਬਰ, 2021 ਦੇ ਅੰਦਰ ਹੋਣ ਵਾਲੇ ਕੋਵਿਡ-19 ਵਾਇਰਸ ਟੈਸਟਿੰਗ ਯੋਜਨਾ ਵਿੱਚ ਪ੍ਰਦਰਸ਼ਿਤ ਲੋੜਾਂ ਦੀ ਪਾਲਣਾ ਕਰਨਗੇ। ਸਿਟੀ ਮੈਨੇਜਰ ਦੇ ਦਫਤਰ ਦਾ ਮੈਮੋਰੰਡਮ, ਇਸ ਦੇ ਨਾਲ ਪ੍ਰਦਰਸ਼ਨੀ A ਦੇ ਨਾਲ ਜੁੜਿਆ ਹੋਇਆ ਹੈ।

7.5. ਉਹ ਸਾਰੇ ਕਰਮਚਾਰੀ ਜੋ ਕੰਮ 'ਤੇ ਆਉਂਦੇ ਹਨ ਜਾਂ ਬਿਮਾਰਾਂ ਨੂੰ ਬੁਲਾਉਂਦੇ ਹਨ ਉਨ੍ਹਾਂ ਨੂੰ ਐਮਰਜੈਂਸੀ ਆਰਡਰ 2020-09 ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਰੋਜ਼ਾਨਾ ਕੋਵਿਡ -19 ਸਿਹਤ ਪ੍ਰਸ਼ਨਾਵਲੀ ਨੂੰ ਪੂਰਾ ਕਰਨਾ ਚਾਹੀਦਾ ਹੈ।

7.6. ਵਿਅਕਤੀਗਤ ਇਕੱਠ ਅਤੇ ਮੀਟਿੰਗਾਂ ਨੂੰ ਸੀਮਿਤ ਕਰੋ, ਵਿਭਾਗ ਦੇ ਨਿਰਦੇਸ਼ਕ ਦੀ ਮਰਜ਼ੀ ਅਨੁਸਾਰ ਮੀਟਿੰਗਾਂ ਨੂੰ ਵਰਚੂਅਲੀ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

7.7. ਸਾਰੇ ਕਰਮਚਾਰੀ ਜਿਨਾਂ ਨੇ ਟੀਕਾ ਲਗਵਾਏ ਦਾ ਸਬੂਤ ਮਾਲਕ ਨੂੰ ਨਹੀਂ ਦਿੱਤਾ ਹੈ ਉਨਾਂ ਨੂੰ ਹਰ ਹਫ਼ਤੇ ਕੋਵਿਡ-19 ਦਾ ਟੈਸਟ ਕਰਵਾਉਣਾ ਪਵੇਗਾ। ਸਿਟੀ ਦੇ ਸਮੇਂ ਤੇ ਹੀ, ਸਿਟੀ ਦੇ ਖਰਚੇ ‘ਤੇ ਟੈਸਟਿੰਗ ਕੀਤੀ ਜਾਵੇਗੀ ਜਦੋਂ ਤਕ ਇੱਕ ਕਰਮਚਾਰੀ ਫਰੈਸਨੋ ਦੀ ਕਾਉਂਟੀ ਜਾਂ ਸਾਡੇ ਟੈਸਟ ਪ੍ਰੋਵਾਇਡਰ ਯੂ.ਸੀ.ਐਸ.ਐਫ(UCAS) ਦੁਆਰਾ ਟੈਸਟਿੰਗ ਸਾਈਟ ਦਾ ਪ੍ਰਯੋਗ ਕਰਨਾ ਨਹੀਂ ਚੁਣ ਲੈਂਦਾ। ਇਹ ਟੈਸਟਿੰਗ ਪ੍ਰਕਿਰਿਆ 10 ਸਤੰਬਰ, 2021 ਦੀ ਕੋਵਿਡ ਕਰਮਚਾਰੀ ਟੈਸਟਿੰਗ ਯੋਜਨਾ ਦੀ ਪਾਲਣਾ ਕਰੇਗੀ, ਜਿਸਨੂੰ ਇੱਥੇ ਪ੍ਰਦਰਸ਼ਨੀ A ਵਜੋਂ ਜੋੜਿਆ ਗਿਆ ਹੈ।

7.8. ਕਰਮਚਾਰੀ ਨਿਰਦੇਸ਼ਕ 30 ਦਿਨਾਂ ਦੇ ਅੰਦਰ ਸਾਰੀਆਂ ਭਰਤੀਆਂ ਵਿੱਚ ਬਦਲਾਵ ਕਰੇਗਾ ਅਤੇ ਚੁਣੇ ਗਏ ਕਰਮਚਾਰੀਆਂ ਨੂੰ ਰੁਜ਼ਗਾਰ ਦੀ ਸ਼ਰਤ ਵਜੋਂ ਕੋਵਿਡ ਦੇ ਟੀਕੇ ਲਗਾਉਣ ਦੀ ਮੰਗ ਕਰੇਗਾ।

8. ਕਿਸੇ ਵੀ ਵਿਅਕਤੀ ਨੂੰ ਇਸ ਆਦੇਸ਼ ਦੀ ਉਲੰਘਣਾ ਲਈ ਸਜ਼ਾ ਨਹੀਂ ਦਿੱਤੀ ਜਾਵੇਗੀ, ਜਨਤਕ ਸਿਹਤ ਅਤੇ ਸੁਰੱਖਿਆ ਲਈ ਗੰਭੀਰ ਅਤੇ ਤੁਰੰਤ ਖਤਰਿਆਂ ਨੂੰ ਛੱਡ ਕੇ। ਫਰੈਸਨੋ ਮਯੂਨਿਸਿਪਲ ਕੋਡ ਦੇ ਅਨੁਸਾਰ ਉਲੰਘਣਾਵਾਂ ਲਈ ਪ੍ਰਬੰਧਕੀ ਹਵਾਲੇ ਜਾਰੀ ਕੀਤੇ ਜਾ ਸਕਦੇ ਹਨ।

9. ਇਹ ਆਦੇਸ਼ ਬਦਲਾਵ ਜਾਂ ਕਿਸੇ ਸਮੇਂ ਵੀ ਰੱਦ ਹੋਣ ਦੇ ਅਧੀਨ ਹੋਣਗੇ ਅਤੇ ਕਿਸੇ ਵੀ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ, ਸੰਪਤੀ ਦੇ ਅਧਿਕਾਰਾਂ, ਜਾਂ ਕਿਸੇ ਸ਼ਹਿਰ ਦੀ ਜ਼ਿੰਮੇਵਾਰੀ ਨੂੰ ਮੰਨਣਾ ਨਹੀਂ ਮੰਨਿਆ ਜਾਵੇਗਾ।

10. 10. ਜੇ ਇਸ ਆਦੇਸ਼ ਦੀ ਕੋਈ ਵਿਵਸਥਾ ਜਾਂ ਕਿਸੇ ਵਿਅਕਤੀ ਜਾਂ ਹਾਲਾਤ ਵਿੱਚ ਇਸਦੀ ਐਪਲੀਕੇਸ਼ਨ ਨੂੰ ਅਵੈਧ ਮੰਨਿਆ ਜਾਂਦਾ ਹੈ, ਤਾਂ ਬਾਕੀ ਦੇ ਆਦੇਸ਼, ਜਿਸ ਵਿੱਚ ਅਜਿਹੇ ਹਿੱਸੇ ਜਾਂ ਹੋਰ ਵਿਅਕਤੀਆਂ ਜਾਂ ਸਥਿਤੀਆਂ ਲਈ ਐਪਲੀਕੇਸ਼ਨਾਂ ਸ਼ਾਮਲ ਹਨ, ਪ੍ਰਭਾਵਿਤ ਨਹੀਂ ਹੋਣਗੇ ਅਤੇ ਪੂਰੀ ਤਾਕਤ ਅਤੇ ਪ੍ਰਭਾਵ ਨਾਲ ਜਾਰੀ ਰਹਿਣਗੇ। ਇਸ ਲਈ, ਇਸ ਆਦੇਸ਼ ਦੇ ਉਪਬੰਧ ਵੱਖਰੇ ਹਨ।

11. ਇਸ ਆਦੇਸ਼ ਦਾ ਤੁਰੰਤ ਸਪੈਨਿਸ਼, ਹਮੋਨਗ, ਅਤੇ ਪੰਜਾਬੀ ਵਿੱਚ ਅਨੁਵਾਦ ਕੀਤਾ ਜਾਵੇਗਾ, ਅਤੇ ਇਸਦੀ ਸਮਗਰੀ ਪੜ੍ਹਨ ਲਈ ਸਾਰੇ ਅਪਾਹਜ ਵਿਅਕਤੀਆਂ ਲਈ ਪ੍ਰਬੰਧ ਕਿਤੇ ਜਾਣਗੇ; ਇਹ ਲੋਕਲ ਮੀਡੀਆ ਵਿੱਚ ਵੀ ਵੰਡਿਆ ਜਾਵੇਗਾ ਅਤੇ ਸਿਟੀ ਦੀ ਵੈੱਬਸਾਈਟ ਤੇ ਵੀ ਉਪਲਬਧ ਕਰਾਇਆ ਜਾਵੇਗਾ।

ਇਹ ਆਦੇਸ਼ ਇਸ ਲਈ ਦਿੱਤਾ ਗਿਆ ਸੀ।

______________________

ਥਾਮਸ ਏਸਕੂਏਡਾ, ਸਿਟੀ ਮੈਨੇਜਰ ਅਤੇ
ਐਮਰਜੈਂਸੀ ਸੇਵਾਵਾਂ ਦਾ ਨਿਰਦੇਸ਼ਕ

ਮਿਤੀ: 9/10/2021

City of
FRESNO

**ਸਿਟੀ ਮੈਨੇਜਰ ਦਾ ਆਫਿਸ**

**ਮੈਮੋਰੰਡਮ**

ਮਿਤੀ: 10 ਸਿਤੰਬਰ, 2021

**ਨੂੰ:** ਮਾਣਯੋਗ ਮੇਅਰ ਜੇਰੀ ਡਾਇਰ
ਕੌਂਸਲ ਰਾਸ਼ਟਰਪਤੀ ਲੁਇਸ ਛਾਵੇਜ਼
ਕੌਂਸਲ ਮੈਂਬਰ

ਵੱਲੋਂ**:** ਥਾਮਸ ਸੀ.ਏਸਕੁਏਡਾ(C. ESQUEDA), ਸਿਟੀ ਮੈਨੇਜਰ
ਗ੍ਰੈਗਰੀ ਏ ਬਾਰਫੀਲਡ(A BARFIELD), ਅੱਸਿਸਟੈਂਟ ਸਿਟੀ ਮੈਨੇਜਰ

**ਵਿਸ਼ਾ :** ਗੈਰ-ਟੀਕਾਕਰਣ ਵਾਲੇ ਕਰਮਚਾਰੀਆਂ ਲਈ ਕੋਵਿਡ-19 ਵਾਇਰਸ ਟੈਸਟਿੰਗ ਯੋਜਨਾ

ਇਸ ਮੈਮੋਰੈਂਡਮ ਦਾ ਮਕਸਦ ਮੇਅਰ ਅਤੇ ਸਿਟੀ ਕੌਂਸਲ ਨੂੰ ਫਰੈਸਨੋ ਸਿਟੀ ਦੇ ਗੈਰ-ਟੀਕਾਕਰਣ ਵਾਲੇ ਅਤੇ ਅਧੂਰੇ ਟੀਕੇ ਲੱਗੇ ਹੋਏ ਕਰਮਚਾਰੀਆਂ ਲਈ ਕੋਵਿਡ-19 ਵਾਇਰਸ ਦੀ ਟੈਸਟਿੰਗ ਕਰਨ ਦੀ ਯੋਜਨਾ ਦਾ ਵੇਰਵਾ ਪ੍ਰਦਾਨ ਕਰਨਾ ਹੈ।

ਫਰੈਸਨੋ ਸਿਟੀ ਦੇ ਸਾਰੇ ਕਰਮਚਾਰੀ ਜਨਤਕ ਸਿਹਤ, ਸੁਰੱਖਿਆ ਅਤੇ ਫਰੈਸਨੋ ਸ਼ਹਿਰ ਦੀ ਭਲਾਈ ਲਈ ਜ਼ਰੂਰੀ ਬੁਨਿਆਦੀ ਢਾਂਚਾ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ, ਅਤੇ ਸਿਟੀ ਮੈਨੇਜਰ ਦਾ ਦਫਤਰ ਵਿਸ਼ਵਵਿਆਪੀ ਮਹਾਂਮਾਰੀ ਦੇ ਦੌਰਾਨ ਸ਼ਹਿਰ ਦੇ ਕਰਮਚਾਰੀਆਂ ਦੁਆਰਾ ਪ੍ਰਦਰਸ਼ਿਤ ਸਮਰਪਣ ਅਤੇ ਵਚਨਬੱਧਤਾ ਦੀ ਸ਼ਲਾਘਾ ਕਰਦਾ ਹੈ।

ਉਪਲਬਧ ਜਾਣਕਾਰੀ ਅਤੇ ਡਾਟਾ ਦੇ ਆਧਾਰ ਤੇ, 10 ਸਿਤੰਬਰ, 2021 ਤੱਕ, ਸਿਟੀ ਮੈਨੇਜਰ ਦਾ ਅੰਦਾਜ਼ਾ ਹੈ ਕਿ ਲਗਭਗ ਫਰੈਸਨੋ ਦੇ 2,600 ਕਰਮਚਾਰੀ ਬਿਨਾਂ ਟੀਕੇ ਦੇ ਹਨ।

## 1.0 ਬਗੈਰ ਟੀਕੇ ਵਾਲੇ ਕਰਮਚਾਰੀਆਂ ਲਈ ਕੋਵਿਡ-19 ਵਾਇਰਸ ਟੈਸਟਿੰਗ ਯੋਜਨਾ

ਫਰੈਸਨੋ ਸਿਟੀ ਦੇ ਸਾਰੇ ਗੈਰ -ਟੀਕਾਕਰਣ ਅਤੇ ਅਧੂਰੇ ਟੀਕਾਕਰਣ ਕਰਮਚਾਰੀਆਂ ਲਈ ਇਹ ਕੋਵਿਡ 19 ਵਾਇਰਸ ਟੈਸਟਿੰਗ ਯੋਜਨਾ ਨੂੰ ਸਹੀ ਵਿਚਾਰ ਨਾਲ ਲਾਗੂ ਕਰੇਗੀ ਤਾਂ ਜੋ ਸ਼ਹਿਰ ਵਾਸੀਆਂ ਅਤੇ ਕਰਮਚਾਰੀਆਂ ਦੀ ਨਿੱਜੀ ਜ਼ਿੰਦਗੀ ਵਿੱਚ ਮੁਸ਼ਕਿਲਾਂ ਨੂੰ ਘੱਟ ਕੀਤਾ ਜਾ ਸਕੇ।

ਸੋਮਵਾਰ, 20 ਸਤੰਬਰ, 2021 ਤੋਂ ਪ੍ਰਭਾਵੀ, ਸਿਟੀ ਦੇ ਸਾਰੇ ਕਰਮਚਾਰੀ ਜਿਨ੍ਹਾਂ ਨੇ ਟੀਕਾਕਰਣ ਦਾ ਸਬੂਤ ਨਹੀਂ ਦਿਖਾਇਆ ਹੈ, ਨੂੰ ਇਹ ਕਰਨ ਦੀ ਲੋੜ ਹੋਵੇਗੀ:

1) ਸਿਟੀ ਆਫਿਸ ਜਾਂ ਸੇਵਾਵਾਂ ਦੇ ਅੰਦਰ ਹਮੇਸ਼ਾ ਮਾਸਕ ਪਾ ਕੇ ਰੱਖੋ।
2) ਹਰ ਹਫ਼ਤੇ ਕੋਵਿਡ-19 ਤੇ ਟੈਸਟ ਦਾ ਨਤੀਜਾ ਜਮਾਂ ਕਰਵਾਉਣਾ।
   a) 20 ਸਿਤੰਬਰ, 2021 ਤੋਂ ਬਗੈਰ ਟੀਕੇ ਅਤੇ ਅਧੂਰਾ ਟੀਕਾ ਲੱਗੇ ਕਰਮਚਾਰੀਆਂ ਲਈ ਕੋਵਿਡ-19 ਵਾਇਰਸ ਟੈਸਟਿੰਗ ਜ਼ਰੂਰੀ ਹੋਵੇਗਾ।

**ਪ੍ਰਦਰਸ਼ਨੀ A**

b) ਕੋਵਿਡ-19 ਇੰਫ਼ੈਕਸ਼ਨ ਦਾ ਪੁਰਾਣਾ ਇਤਿਹਾਸ ਜਿਸਤੋਂ ਕਰਮਚਾਰੀ 90 ਕੈਲੰਡਰ ਦਿਨ ਪਹਿਲਾਂ ਠੀਕ ਹੋ ਗਿਆ ਸੀ, ਜਾਂ ਕੋਵਿਡ -19 ਵਾਇਰਸ ਲਈ ਪਿਛਲਾ ਪੋਜ਼ਿਟਿਵ ਐਂਟੀਬਾਡੀ ਟੈਸਟ, ਕਰਮਚਾਰੀਆਂ ਦੀ ਟੈਸਟਿੰਗ ਦੀ ਇਸ ਜ਼ਰੂਰਤ ਨੂੰ ਖਤਮ ਨਹੀਂ ਕਰਦਾ।

c) ਕਰਮਚਾਰੀ ਜਿਨਾਂ ਨੇ ਸਿਟੀ ਤੋਂ ਬਾਹਰ ਹੋਣ ਜਾਂ ਰਿਮੋਟ ਕੰਮ ਦੀ ਅੱਸਾਇਨਮੈਂਟ, ਛੁੱਟੀਆਂ ਜਾਂ ਕਿਸੇ ਹੋਰ ਕਾਰਣ ਸਪਤਾਹਿਕ ਕੋਵਿਡ-19 ਵਾਇਰਸ ਦਾ ਟੈਸਟ ਜਮਾਂ ਨਹੀਂ ਕਰਾਇਆ ਹੈ, ਉਨਾਂ ਕੋਲ ਕੋਵਿਡ-19 ਵਾਇਰਸ ਦੀ ਟੈਸਟ ਰੀਪੋਰਟ ਜਮਾਂ ਕਰਾਉਣ ਲਈ 3 ਕੈਲੰਡਰਦੇ ਦਿਨ ਹਨ, ਅਤੇ ਕੰਮ ਤੇ ਆਉਣ ਤੋਂ ਪਹਿਲਾਂ, ਨੈਗੇਟਿਵ ਟੈਸਟ ਰੀਪੋਰਟ ਪ੍ਰਾਪਤ ਕਰੋ।

d) ਫਰੇਸਨੋਂ ਸਿਟੀ ਦੇ ਕਰਚਾਰੀਆਂ ਦੀ ਕੋਵਿਡ-19 ਵਾਇਰਸ ਦੇ ਟੈਸਟ ਲਈ ਨਿਰਧਾਰਤ ਟੈਸਟਿੰਗ ਸਥਾਨਾਂ ਬਾਰੇ ਕਰਮਚਾਰੀਆਂ ਨੂੰ ਸਥਾਪਿਤ ਅਤੇ ਸੂਚਿਤ ਕਰਨ ਦੀ ਜਿੰਮੇਵਾਰੀ ਸਿਟੀ ਦੀ ਹੋਵੇਗੀ। ਹਰ ਵੀਰਵਾਰ, ਸਿਟੀ ਕਰਮਚਾਰੀਆਂ ਨੂੰ ਅਗਲੇ ਹਫ਼ਤੇ ਦੇ ਟੈਸਟਿੰਗ ਸਥਾਨਾਂ ਅਤੇ ਸਮੇਂ ਬਾਰੇ ਸੂਚਿਤ ਕਰੇਗੀ।

e) ਕਰਮਚਾਰੀ ਦੀ ਟੈਸਟਿੰਗ ਦੀ ਤਰੀਕ ਤੋਂ 2 ਕੈਲੰਡਰਦਿਨਾਂ ਦੇ ਬਾਅਦ ਕੋਵਿਡ-19 ਵਾਇਰਸ ਤੇ ਟੈਸਟ ਦਾ ਨਤੀਜਾ ਆ ਜਾਵੇਗਾ। ਕੋਵਿਡ-19 ਵਾਇਰਸ ਦੀ ਟੈਸਟ ਰੀਪੋਰਟ ਦਾ ਨਤੀਜਾ ਸਿੱਧਾ ਕਰਮਚਾਰੀ ਨੂੰ ਅਤੇ ਸਿਟੀ ਦੀ ਸਿਹਤਮੰਦ ਵਰਕਪਲੇਸ ਦੀ ਟਾਸਕ ਫੋਰਸ ਨੂੰ ਕੋਵਿਡ-19 ਵਾਇਰਸ ਟੈਸਟਿੰਗ ਪ੍ਰਦਾਤਾ ਵੱਲੋਂ ਦਿੱਤਾ ਜਾਵੇਗਾ।

f) ਕਰਮਚਾਰੀ ਸਿਟੀ ਦੇ ਐਮਰਜੈਂਸੀ ਔਪਰੇਸ਼ਨਸ ਸੈਂਟਰ(EOC) ਦੁਆਰਾ ਰਿਕਮੈਂਡ ਅਤੇ ਜਨਤਕ ਮਾਮਲਿਆਂ ਦੁਆਰਾ ਉਜਾਗਰ ਕੀਤੀਆਂ ਗਈਆਂ ਥਰਡ-ਪਾਰਟੀ ਟੈਸਟਿੰਗ ਸਾਈਟਾਂ ਦੀ ਵਰਤੋਂ ਕਰ ਸਕਦੇ ਹਨ। ਕਰਮਚਾਰੀ ਟੈਸਟ ਦਾ ਨਤੀਜਾ,ਪੋਜ਼ਿਟਿਵ ਜਾਂ ਨੈਗੇਟਿਵ, ਆਪਣੇ ਸੁਪਰਵਾਇਜ਼ਰਾਂ ਅਤੇ HWTF ਟੀਮਾਂ ਨੂੰ HWTF@fresno.gov ਤੇ ਰਸੀਦ ਦੇ ਤੁਰੰਤ ਬਾਅਦ ਦੇਣਗੇ। ਸਿਟੀ ਉਨ੍ਹਾਂ ਕਰਮਚਾਰੀਆਂ ਦੀ ਭਰਪਾਈ ਨਹੀਂ ਕਰੇਗੀ ਜੋ ਕਿਸੇ ਵੀ ਜੇਬ ਤੋਂ ਬਾਹਰ ਦੇ ਖਰਚਿਆਂ ਲਈ ਥਰਡ-ਪਾਰਟੀ ਸਾਈਟਾਂ 'ਤੇ ਟੈਸਟ ਕਰਦੇ ਹਨ।

g) ਕਿਸੇ ਵੀ ਕਰਮਚਾਰੀ ਨੂੰ ਕੰਮ ਕਰਨ ਦੀ ਅਨੁਮਤੀ ਨਹੀਂ ਹੋਵੇਗੀ ਜਦੋਂ ਤਕ ਕਰਮਚਾਰੀ ਹਫ਼ਤੇ ਦੀ ਕੋਵਿਡ-19 ਵਾਇਰਸ ਟੈਸਟ ਦੀ ਨੈਗੇਟਿਵ ਰੀਪੋਰਟ ਨਹੀਂ ਪੇਸ਼ ਕਰਦਾ ਜਾਂ HWTF ਵੱਲੋਂ ਨਿਰਧਾਰਿਤ ਕੁਆਰੰਟੀਨ ਦਾ ਸਮਾਂ ਜਾਂ ਵੱਖਰੇ ਰਹਿਣ ਦੇ ਸਮੇਂ ਨੂੰ ਪੂਰਾ ਕਰ ਲਿਆ ਹੈ।

h) ਜੇਕਰ ਕਰਮਚਾਰੀ ਦੀ ਕੋਵਿਡ-19 ਵਾਇਰਸ ਦੀ ਰੀਪੋਰਟ ਨੈਗੇਟਿਵ ਹੈ, ਤਾਂ ਕਰਮਚਾਰੀ ਨੂੰ ਕੰਮ ਕਰਨ ਦੀ ਅਨੁਮਤੀ ਹੋਏਗੀ। ਕੰਮ ਕਰਨ ਦਾ ਅਧਿਕਾਰ ਸਿਰਫ਼ 7 ਕੈਲੰਡਰ ਦਿਨਾਂ ਲਈ ਵੈਦ ਹੋਵੇਗਾ, ਜਿਸ ਸਮੇਂ ਕਰਮਚਾਰੀ ਦੀ ਅਗਲੇ ਹਫਤੇ ਜਾਂਚ ਕੀਤੀ ਜਾਏਗੀ।

i) ਜੇਕਰ ਕਰਮਚਾਰੀ ਦੀ ਕੋਵਿਡ-19 ਵਾਇਰਸ ਦੀ ਰੀਪੋਰਟ ਪੋਜ਼ਿਟਿਵ ਹੈ, ਤਾਂ ਕਰਮਚਾਰੀ ਨੂੰ ਫਰੈਸਨੋ ਕਾਉਂਟੀ ਦੇ ਜਣਤਕ ਸਿਹਤ ਵਿਭਾਗ ਦੇ ਅਧਿਕਾਰੀ ਦੇ ਆਦੇਸ਼ ਅਨੁਸਾਰ ਘੱਟੋ-ਘੱਟ 10 ਦਿਨ ਅਲੱਗ ਰਹਿਣਾ ਪਵੇਗਾ।

i) ਅਲੱਗ ਰਹਿਣ ਦੀ ਅਵਧੀ ਖਤਮ ਹੋਣ ਤੋਂ ਬਾਅਦ, ਅਤੇ ਕੰਮ ਤੇ ਵਾਪਿਸ ਆਉਣ ਤੋਂ ਪਹਿਲਾਂ, ਕਰਮਚਾਰੀ , ਕਰਮਚਾਰੀ ਸੇਵਾ ਵਿਭਾਗ ਦੇ ਮੈਨੇਜਰ ਜਾਂ EOC ਸਟਾਫ਼ ਨਾਲ ਸਮੀਖਿਆ ਅਤੇ ਕਰਮਚਾਰੀ ਦੇ ਅਲੱਗ ਰਹਿਣ ਦੇ ਸਮੇਂ ਤੋਂ ਬਾਅਦ ਕੰਮ ਤੇ ਵਾਪਿਸ ਆਉਣ ਦੀ ਪ੍ਰਕਿਰਿਆ ਦੀ ਚਰਚਾ ਕਰੇਗਾ।

ii) ਇੱਕ ਵਾਰ ਜਦੋਂ ਕਰਮਚਾਰੀ ਨੇ ਕਰਮਚਾਰੀ ਵਿਭਾਗ ਦੇ ਪਰਸੋਨਲ ਮੈਨੇਜਰ ਜਾਂ EOC ਸਟਾਫ ਨਾਲ ਕੰਮ ਤੇ ਵਾਪਸੀ ਦੀਆਂ ਪ੍ਰਕਿਰਿਆਵਾਂ ਦੀ ਸਮੀਖਿਆ ਅਤੇ ਵਿਚਾਰ ਵਟਾਂਦਰਾ ਕਰ ਲਿਆ, ਕਰਮਚਾਰੀ ਕੰਮ ਤੇ ਵਾਪਸ ਆਉਣ ਲਈ ਅਧਿਕਾਰਤ ਹੋ ਜਾਵੇਗਾ।

3) ਜੇਕਰ ਕੋਈ ਬਗੈਰ ਟੀਕੇ ਵਾਲਾ ਵਿਅਕਤੀ ਕਿਸੇ ਧਾਰਮਿਕ ਜਾਂ ਮੈਡੀਕਲ ਕਾਰਣ ਕਰਕੇ ਕੋਵਿਡ-19 ਵਾਇਰਸ ਦੀ ਜਾਂਚ ਤੋਂ ਮਨਾ ਕਰ ਦਿੰਦਾ ਹੈ, ਤਾਂ ਗੈਰ-ਟੀਕਾਕਰਣ ਵਾਲੇ ਵਿਅਕਤੀ ਨੂੰ ਅਗਲੀ ਸਮੀਖਿਆ ਲਈ ਕਰਮਚਾਰੀ ਸੇਵਾਵਾਂ ਵਿਭਾਗ ਨੂੰ ਉਹ ਕਾਰਣ ਪੇਸ਼ ਕਰਨੇ ਹੋਣਗੇ, ਅਤੇ ਕਰਮਚਾਰੀ ਸੇਵਾਵਾਂ ਵਿਭਾਗ ਕਰਮਚਾਰੀ ਨਾਲ ਜੇ ਕੋਈ ਸਹੀ ਤਰੀਕੇ ਹੋਣ ਨਿਰਧਾਰਤ ਕਰਨ ਲਈ ਇੰਟ੍ਰੈਕਟਿਵ ਪ੍ਰੋਸੈਸ(IAP) ਦੁਆਰਾ ਕੰਮ।

## 2.0 ਪਰਿਭਾਸ਼ਾਵਾਂ

ਹੇਠ ਲਿਖੀਆਂ ਪਰਿਭਾਸ਼ਾਵਾਂ ਲਾਗੂ ਹੁੰਦੀਆਂ ਹਨ:

1) "ਪੂਰੇ ਟੀਕਾਕਰਣ" ਦਾ ਮਤਲਬ ਲੋਕ ਜਿਨਾਂ ਨੂੰ ਕੋਵਿਡ-19 ਦੇ ਪੂਰੇ ਟੀਕੇ ਲੱਗੇ ਮੰਨਿਆ ਜਾਂਦਾ ਹੈ: 2 ਡੋਜ਼ਾਂ ਦੀ ਲੜੀ (ਫਾਈਜ਼ਰ-ਬਾਇਓਨਟੇਕ ਜਾਂ ਮਾਡਰਨਾ ਜਾਂ ਵਿਸ਼ਵ ਸਿਹਤ ਸੰਗਠਨ ਦੁਆਰਾ ਅਧਿਕਾਰਤ ਟੀਕਾ) ਦੀ ਦੂਜੀ ਖੁਰਾਕ ਪ੍ਰਾਪਤ ਕਰਨ ਤੋਂ ਦੋ ਹਫ਼ਤੇ ਜਾਂ ਵੱਧ, ਜਾਂ ਸਿੰਗਲ-ਡੋਜ਼ ਟੀਕਾ ਪ੍ਰਾਪਤ ਕਰਨ ਤੋਂ ਦੋ ਹਫ਼ਤੇ ਜਾਂ ਵੱਧ (ਜੋਹਨਸਨ ਅਤੇ ਜਾਨਸਨ [J & J]/ਜੈਨਸਨ)।ਕੋਵਿਡ-19 ਟੀਕੇ ਜੋ ਇਸ ਵੇਲੇ ਐਮਰਜੈਂਸੀ ਵਰਤੋਂ ਲਈ ਅਧਿਕਾਰਤ ਹਨ:

   a) US ਫੂਡ ਅਤੇ ਡਰਗ ਐਡਮਿਨਿਸਟ੍ਰੇਸ਼ਨ(FDA) ਦੁਆਰਾ, FDA ਕੋਵਿਡ-19Vaccines ਵੈੱਬਪੇਜ ਤੇ ਸੂਚੀਬੱਧ ਹਨ।

   b) ਵਰਲਡ ਹੈਲਥ ਔਰਗਨਾਇਜ਼ੇਸ਼ਨ(WHO) ਦੁਆਰਾ, WHO ਕੋਵਿਡ-19Vaccine's ਵੈੱਬਪੇਜ ਤੇ ਸੂਚੀਬੱਧ ਹਨ।

2) "ਅਧੂਰੇ ਟੀਕਾ ਲੱਗੇ ਹੋਏ" ਮਤਲਬ ਉਹ ਵਿਅਕਤੀ ਜਿਨਾਂ ਨੇ ਕੋਵਿਡ-19 ਤੇ ਟੀਕੇ ਦੀ ਸਿਰਫ਼ ਇੱਕ ਡੋਜ਼ ਲਗਵਾਈ ਹੈ ਪਰ ਉਹਨਾਂ ਨੇ ਪੂਰੇ ਟੀਕੇ ਲੱਗੇ ਹੋਏ ਵਾਲੀ ਪਰਿਭਾਸ਼ਾ ਲਾਗੂ ਨਹੀਂ ਹੁੰਦੀ।

3) "ਗੈਰ-ਟੀਕਾਕਰਣ" ਮਤਲਬ ਉਹ ਵਿਅਕਤੀ ਜਿਨਾਂ ਨੇ ਕੋਵਿਡ-19 ਦੇ ਟੀਕੇ ਦੀ ਇੱਕ ਵੀ ਡੋਜ਼ ਨਹੀਂ ਲਗਵਾਈ ਜਾਂ ਜਿਨਾਂ ਦੇ ਟੀਕੇ ਦੀ ਸਥਿਤੀ ਬਾਰੇ ਕੁੱਛ ਨਹੀਂ ਪਤਾ।

## 3.0 ਸ਼ਹਿਰੀ ਸਹੂਲਤਾਂ ਲਈ ਕੋਵਿਡ-19 ਦੇ ਖਾਤਮੇ ਲਈ ਉਪਾਅ

1) ਸੋਮਵਾਰ, 20 ਸਿਤੰਬਰ, 2021 ਤੋਂ ਪ੍ਰਭਾਵੀ, ਸਾਰੇ ਸਿਟੀ ਦੇ ਕਰਮਚਾਰੀਆਂ ਨੂੰ ਉਨਾਂ ਦੇ ਫਰੈਸਨੋ ਸਿਟੀ ਦੇ ਨਿਰਧਾਰਿਤ ਦਫਤਰਾਂ ਅਤੇ ਸਹੂਲਤਾਂ ਵਿੱਚ ਕੰਮ ਕਰਨ ਲਈ ਜਿਵੇਂ ਕਿ ਨੀਚੇ ਦਰਸਾਇਆ ਗਿਆ ਹੈ, ਆਉਣਾ ਪਵੇਗਾ।

   a) ਸਿਟੀ ਦਫ਼ਤਰਾਂ ਦੇ ਅੰਦਰ, ਸੇਵਾਵਾਂ ਜਾਂ ਵਾਹਨਾਂ ਵਿੱਚ ਟੀਕਾਕਰਣ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਸਾਰੇ ਕਰਮਚਾਰੀਆਂ ਦਾ ਮਾਸਕ ਪਾਉਣਾ ਲਾਜ਼ਮੀ ਹੋਵੇਗਾ ਜਦੋਂ ਤਕ ਉਹ ਸਿਟੀ ਦਫਤਰਾ, ਸੇਵਾਵਾਂ ਜਾਂ ਵਾਹਨਾਂ ਵਿੱਚ ਕੱਲੇ ਨਾ ਹੋਣ।
   b) ਜੇ ਦੋ ਜਾਂ ਦੋ ਤੋਂ ਜਿਆਦਾ ਕਰਮਚਾਰੀ ਦਫ਼ਤਰ ਵਿੱਚ, ਕਾਨਫਰੰਸ ਰੂਮ, ਜਾਂ ਸਿਟੀ ਵਾਹਨਾ ਵਿੱਚ ਹੋਣ, ਤਾਂ ਸਾਰੇ ਸਮੇਂ ਕਰਮਚਾਰੀਆਂ ਦਾ ਅੰਦਰ ਟੀਕਾਕਰਣ ਦੀ ਸਥਿਤੀ ਜਾਣੇ ਬਿਨਾਂ ਮਾਸਕ ਪਾਉਣਾ ਲਾਜ਼ਮੀ ਹੋਵੇਗਾ।
   c) ਸਾਰੇ ਕਰਮਚਾਰੀਆਂ ਦਾ ਬਾਹਰ ਫੀਲਡ ਅੱਸਾਇਨਮੈਂਟ ਤੇ ਫੀਲਡ ਅੱਸਾਇਨਮੈਂਟ ਤੇ ਕੰਮ ਕਰਦੇ ਵੇਲੇ ਮਾਸਕ ਪਾਉਣਾ ਲਾਜ਼ਮੀ ਨਹੀਂ ਹੋਵੇਗਾ; ਹਾਲਾਂਕਿ ਬਾਹਰ ਫੀਲਡ ਅੱਸਾਇਨਮੈਂਟ ਤੇ ਕੰਮ ਕਰਦੇ ਹੋਏ ਕਰਮਚਾਰੀਆਂ ਨੂੰ ਸਮਾਜਿਕ ਦੂਰੀ ਬਣਾਉਣਾ ਜ਼ਰੂਰੀ ਹੋਵੇਗਾ।
   d) ਜੇ ਕਿਸੇ ਕਰਮਚਾਰੀ ਦੀ ਮੈਡੀਕਲ ਸਥਿਤੀ ਅਤੇ/ਜਾਂ ਅਪਾਹਜਤਾ ਉਨ੍ਹਾਂ ਨੂੰ ਅਨੁਕੂਲ ਮਾਸਕ ਪਹਿਨਣ ਤੋਂ ਰੋਕਦੀ ਹੈ, ਤਾਂ ਸਿਟੀ ਕਰਮਚਾਰੀ ਨੂੰ ਪਰਸਪਰ ਕਿਰਿਆ ਵਿੱਚ ਸ਼ਾਮਲ ਕਰੇਗੀ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਕਰਮਚਾਰੀ  ਕੋਵਿਡ -19 ਵਾਇਰਸ ਸੰਚਾਰ ਨੂੰ ਘਟਾਉਣ ਲਈ ,ਜੇ ਕੋਈ ਹੈ ਤਾਂ ਕਿਹੜਾ ਪ੍ਰਬੰਧ ਦਾ ਪਾਲਣ ਕੀਤਾ ਜਾ ਸਕਦਾ ਹੈ।

2) ਵਿਭਾਗ ਦੇ ਨਿਰਦੇਸ਼ਕ ਨੂੰ ਲਾਗੂ MOU ਉਪਬੰਧਾਂ ਦੇ ਅਨੁਸਾਰ ਕਰਮਚਾਰੀਆਂ ਦੀ ਇਸ ਕੋਵਿਡ -19 ਵਾਇਰਸ ਟੈਸਟਿੰਗ ਯੋਜਨਾ ਦੀ ਪਾਲਣਾ ਕਰਨ ਵਿੱਚ ਸਹਾਇਤਾ ਕਰਨ ਲਈ ਕੰਮ ਦੇ ਕਾਰਜਕ੍ਰਮ ਅਤੇ ਕੰਮ ਦੀਆਂ ਜ਼ਰੂਰਤਾਂ ਨੂੰ ਸਥਾਪਤ ਕਰਨ ਦਾ ਪੂਰਾ ਅਧਿਕਾਰ ਅਤੇ ਵਿਵੇਕ ਦਿੱਤਾ ਜਾਵੇਗਾ।

   a) ਸਿਟੀ ਸੰਚਾਲਨ ਅਤੇ ਸੇਵਾਵਾਂ ਪ੍ਰਦਾਨ ਕਰਨ ਵਿੱਚ ਰੁਕਾਵਟਾਂ ਤੋਂ ਬਚਣ ਅਤੇ ਘੱਟ ਤੋਂ ਘੱਟ ਕਰਨ ਲਈ ਨਿਰਦੇਸ਼ਕ ਵਰਕ ਸ਼ਿਫਟ ਦੇ ਸਮੇਂ ਤੋਂ ਬਾਹਰ ਕੋਵਿਡ-19 ਵਾਇਰਸ ਟੈਸਟਿੰਗ ਦਾ ਸਮਾਂ ਤੈਅ ਕਰ ਸਕਦੇ ਹਨ।

   b) ਨਿਰਦੇਸ਼ਕ ਕਰਮਚਾਰੀਆਂ ਨੂੰ ਕੋਵਿਡ-19 ਦੇ ਸੰਚਾਰ ਨੂੰ ਘਟਾਉਣ ਲਈ ਟੈਲੀਵਰਕ ਕਰਨ ਦੇ ਨਿਰਦੇਸ਼ ਦੇ ਸਕਦੇ.

      i) ਬਗੈਰ ਟੀਕੇ ਅਤੇ ਅਧੂਰੇ ਟੀਕੇ ਵਾਲੇ ਕਰਮਚਾਰੀ ਜਿਨਾਂ ਨੂੰ ਟੈਲੀਵਰਕ ਲਈ ਨਿਰਦੇਸ਼ਤ ਕੀਤਾ ਜਾਂਦਾ ਹੈ , ਹਾਲੇ ਵੀ ਹਰ ਹਫ਼ਤੇ ਕੋਵਿਡ-19 ਵਾਇਰਸ ਦੀ ਜਾਂਚ ਕਰਾਉਣ ਦੇ ਅਧੀਨ ਹੋਣਗੇ।

      ii) ਕਰਮਚਾਰੀਆਂ ਨੂੰ ਕੋਵਿਡ -19 ਵਾਇਰਸ ਦੇ ਸੰਚਾਰ ਨੂੰ ਘਟਾਉਣ ਲਈ ਟੈਲੀਵਰਕ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ,  ਕਰਮਚਾਰੀਆਂ ਦੀ ਉਤਪਾਦਕਤਾ ਨੂੰ ਮਾਪਣ ਅਤੇ ਰਿਕਾਰਡ ਕਰਨ ਲਈ   ਉਨਾਂ ਦੇ ਰਿਮੋਟ

ਵਰਕਸਟੇਸ਼ਨਾਂ ਦੀ ਨਿਗਰਾਨੀ ਕਰੇਗਾ ਤਾਂ ਜੋ ਸ਼ਹਿਰ ਦੇ ਕੰਮਕਾਜ ਅਤੇ ਕਮਿਊਨਟੀ ਦੀ ਸੇਵਾ ਦੀ ਨਿਰੰਤਰਤਾ ਨੂੰ ਯਕੀਨੀ ਬਣਾਇਆ ਜਾ ਸਕੇ।

3) ਸਾਰੇ ਕਰਮਚਾਰੀ ਲੱਛਣਾਂ ਅਤੇ ਕੰਮ ਦੇ ਸਥਾਨ ਦੀ ਰਿਪੋਰਟ ਕਰਨ ਲਈ ਰੋਜ਼ਾਨਾ ਆਨਲਾਇਨ ਕੋਵਿਡ-19 ਸਿਹਤ ਸਕ੍ਰੀਨਿੰਗ ਪ੍ਰਸ਼ਨਾਵਲੀ ਨੂੰ ਪੂਰਾ ਕਰਣਗੇ।

   a) ਕਰਮਚਾਰੀਆਂ ਜਿਨਾਂ ਨੇ ਸਵੈ-ਸਕ੍ਰੀਨ ਪਾਸ ਨਹੀਂ ਕੀਤੀ ਹੈ ਉਹ ਨਿਰਧਾਰਤ ਸਿਟੀ ਆਫਿਸ ਜਾਂ ਸੇਵਾ ਵਿੱਚ ਕੰਮ ਨਹੀਂ ਕਰਣਗੇ, ਅਤੇ ਸਗੋਂ ਉਨਾਂ ਨੂੰ ਤੁਰੰਤ ਆਪਣੇ ਸੁਪਰਵਾਇਜ਼ਰ ਜਾਂ ਮੈਨੇਜਰ ਨੂੰ ਚੋਕੰਨੇ ਕਰਨਾ ਹੋਏਗਾ ਤਾਂ ਜੋ ਜੋਖਮ ਮੁਲਾਂਕਣ ਕੀਤਾ ਜਾ ਸਕਦਾ ਹੈ।
   b) ਕਰਮਚਾਰੀਆਂ ਨੂੰ HWTF ਜੋਖਿਮ ਮੁਲਾਂਕਣ ਦੁਆਰਾ ਨਿਰਧਾਰਤ ਲਾਗੂ ਅਵਧੀ ਲਈ ਕੁਆਰੰਟੀਨ ਜਾਂ ਅਲੱਗ-ਅਲੱਗ ਰਹਿਣ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨੀ ਹੋਏਗੀ।

4) ਸਾਰੇ ਕਰਮਚਾਰੀਆਂ ਨੂੰ ਸੋਮਵਾਰ, 20 ਸਿਤੰਬਰ,2021 ਤੋਂ ਸ਼ੁਰੂ ਕੋਵਿਡ-19 ਵਾਇਰਸ ਟੈਸਟਿੰਗ ਯੋਜਨਾ ਦੇ ਨਿਯਮਾਂ ਦੀ ਪਾਲਣਾ ਕਰਨੀ ਹੋਏਗੀ। ਇਸ ਯੋਜਨਾ ਦੀ ਉਲੰਘਣਾ ਕਰਮਚਾਰੀਆਂ ਨੂੰ ਸੁਧਾਰਾਤਮਕ ਕਾਰਵਾਈ ਦੇ ਸਮੇਤ ਅਤੇ ਅੰਤ ਦੇ ਅਧੀਨ ਕਰ ਸਕਦੀ।

## 4.0 ਕੋਵਿਡ-19 ਵਾਇਰਸ ਟੈਸਟਿੰਗ ਦੀ ਛੋਟ

1) CDC ਨੇ ਇਹ ਕੰਫਰਮ ਕੀਤਾ ਹੈ ਕਿ ਕੋਵਿਡ-19 ਦੇ ਵਿਰੁੱਧ ਟੀਕਾ, ਕੋਵਿਡ-19 ਵਾਇਰਸ ਦੀ ਇੰਫ਼ੈਕਸ਼ਨ, ਸੰਚਾਰ ਅਤੇ ਪ੍ਰਕੋਪ ਨੂੰ ਰੋਕਣ ਦਾ ਸਭ ਤੋਂ ਪ੍ਰਭਾਵੀ ਸਾਧਨ ਹੈ। ਮੌਜੂਦਾ ਮਾਰਗਦਰਸ਼ਨ ਸਾਰੇ ਯੋਗ ਵਿਅਕਤੀਆਂ ਨੂੰ ਟੀਕਾਕਰਣ ਦੀ ਸਲਾਹ ਦਿੰਦਾ ਹੈ, ਜਿਸ ਨਾਲ ਸਮੁੱਚੇ ਭਾਈਚਾਰੇ ਵਿੱਚ ਕੋਵਿਡ -19 ਦੀਆਂ ਦਰਾਂ ਨੂੰ ਘਟਾਇਆ ਜਾਵੇ ਅਤੇ ਬਗੈਰ ਟੀਕਾ ਲੱਗੇ ਅਤੇ ਅਧੂਰੇ ਟੀਕਾਕਰਣ ਕਰਮਚਾਰੀਆਂ ਲਈ ਸੁਰੱਖਿਆ ਦੀ ਸਮੁੱਚੀ ਪਰਤ ਤਿਆਰ ਕੀਤੀ ਜਾਂਦੀ ਹੈ।.

2) ਸਿਟੀ ਕਰਮਚਾਰੀ ਜਿਨਾਂ ਨੂੰ ਪੂਰੇ ਟੀਕੇ ਲੱਗੇ ਹਨ ਅਤੇ ਉਹ ਸਪਤਾਹਿਕ ਕੋਵਿਡ-19 ਵਾਇਰਸ ਦੀ ਜਾਂਚ ਤੋਂ ਬਚਨਾ ਚਾਹੁੰਦੇ ਹਨ, ਉਹ ਕਰਮਚਾਰੀ ਸੇਵਾਵਾਂ ਵਿਭਾਗ ਨਾਲ ਵੈਦ ਟੀਕੇ ਦੇ ਕਾਰਡ ਨੂੰ ਰਿਕਾਰਡਿੰਗ ਲਈ ਪੇਸ਼ ਕਰਨ ਲਈ ਅੱਪੋਇੰਟਮੇਂਟ ਤੈਅ ਕਰ ਸਕਦੇ ਹਨ।

3) ਟੀਕਾ ਲੱਗੇ ਦਾ ਸਬੂਤ ਪੇਸ਼ ਕਰਨ ਲਈ ਕਰਮਚਾਰੀ ਸੇਵਾਵਾਂ ਵਿਭਾਗ ਨੂੰ ਇੱਕ ਵੈਦ ਟੀਕਾਕਰਣ ਦਾ ਕਾਰਡ ਪੇਸ਼ ਕਰਨ ਤੇ, ਕਰਮਚਾਰੀ ਸੇਵਾਵਾਂ ਕਰਮਚਾਰੀ ਦੇ ਪਹਿਚਾਣ ਵਾਲੇ ਬੈਜ ਤੇ ਆਪ ਚਿਪਕਣ ਵਾਲਾ ਲੇਬਲ ਲੱਗਾਉਣਗੀਆਂ।

4) ਟੀਕਾ ਲੱਗੇ ਹੋਏ ਕਰਮਚਾਰੀਆਂ ਦੇ ਕੋਲ ਆਪਣੇ ਕਰਮਚਾਰੀ ਦੀ ਪਛਾਣ ਦਾ ਬੈਜ ਲੇਬਲ ਦੇ ਨਾਲ ਜਾਂਚ ਲਈ ਹਮੇਸ਼ਾ ਹੋਣਾ ਚਾਹੀਦਾ ਹੈ।

5) ਸਿਟੀ ਕਰਮਚਾਰੀ ਜਿਹੜੇ ਅਧੂਰੇ ਟੀਕਾਕਰਣ ਹਨ, ਜਾਂ ਜਿਨਾਂ ਦੀ ਟੀਕਾ ਲੱਗੇ ਦੀ ਸਥਿਤੀ ਬਾਰੇ ਕੁੱਛ ਨਹੀਂ ਪਤਾ ਜਾਂ ਕੋਈ ਦਸਤਾਵੇਜ਼ ਨਹੀਂ ਦਿੱਤਾ ਗਿਆ, ਉਨਾਂ ਨੂੰ ਗੈਰ-ਟੀਕਾਕਰਣ ਮੰਨਿਆ ਜਾਵੇਗਾ।

6) CDPH ਦੇ ਅਨੁਸਾਰ ਵੈਕਸੀਨ ਰਿਕਾਰਡ ਦਿਸ਼ਾ ਨਿਰਦੇਸ਼ਾਂ ਅਤੇ ਮਿਆਰਾਂ ਲਈ ਮਾਰਗਦਰਸ਼ਨ, ਕੇਵਲ ਟੀਕਾਕਰਣ ਦੇ ਸਬੂਤ ਵਜੋਂ ਹੇਠ ਲਿਖੇ ਤਰੀਕਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ:

   a) ਕੋਵਿਡ-19 ਟੀਕਾਕਰਣ ਰਿਕਾਰਡ ਕਾਰਡ(ਸਿਹਤ ਵਿਭਾਗ ਅਤੇ ਬਿਮਾਰੀ ਦੇ ਨਿਯੰਤਰਣ ਅਤੇ ਬਚਾਵ ਲਈ ਮਾਨਵ ਸੇਵਾਵਾਂ ਸੈਂਟਰ ਜਾਂ WHO ਦਾ ਪੀਲਾ ਕਾਰਡ ਵੱਲੋਂ ਜਾਰੀ)ਜਿਸ ਵਿੱਚ ਵਿਅਕਤੀ ਦਾ ਨਾਮ ਜਿਸਨੂੰ ਟੀਕਾ ਲੱਗਿਆ ਹੈ, ਟੀਕੇ ਦਾ ਪ੍ਰਕਾਰ, ਅਤੇ ਆਖਰੀ ਡੋਜ਼ ਦੀ ਮਿਤੀ), ਸ਼ਾਮਲ, ਜਾਂ
   b) ਅਲੱਗ ਦਸਤਾਵੇਜ਼ ਵਜੋਂ ਟੀਕਾਕਰਣ ਰਿਕਾਰਡ ਕਾਰਡ ਦੀ ਫੋਟੋ; ਜਾਂ
   c) ਕਲਾਇੰਟ ਦੀ ਫ਼ੋਨ ਜਾਂ ਕਿਸੇ ਈਲੈਕਟਰੋਨਿਕ ਉਪਕਰਣ ਵਿੱਚ ਕੈਦ ਟੀਕਾਕਰਣ ਰਿਕਾਰਡ ਕਾਰਡ ਦੀ ਫੋਟੋ, ਜਾਂ
   d) ਹੈਲਥ ਕੇਅਰ ਪ੍ਰੋਵਾਇਡਰ ਵੱਲੋਂ ਕੋਵਿਡ-19 ਟੀਕਾਕਰਣ ਦਾ ਦਸਤਾਵੇਜ਼; ਜਾਂ
   e) ਡਿਜੀਟਲ ਰਿਕਾਰਡ ਜਿਸ ਵਿੱਚ ਇੱਕ QR ਕੋਡ ਸ਼ਾਮਲ ਹੁੰਦਾ ਹੈ, ਜਦੋਂ ਇੱਕ ਸਮਾਰਟ ਹੈਲਥ ਕਾਰਡ ਰੀਡਰ ਦੁਆਰਾ ਸਕੈਨ ਕੀਤਾ ਜਾਂਦਾ ਹੈ ਤਾਂ ਰੀਡਰ ਨੂੰ ਕਲਾਇੰਟ ਦਾ ਨਾਮ, ਜਨਮ ਮਿਤੀ, ਟੀਕੇ ਦੀਆਂ ਤਾਰੀਖਾਂ ਅਤੇ ਟੀਕੇ ਦੀ ਕਿਸਮ ਦਰਸਾਉਂਦਾ ਹੈ, ਜਾਂ
   f) ਟੀਕਾਕਰਣ ਦੇ ਦਸਤਾਵੇਜ਼ ਦੂਸਰੇ ਕੌਂਟ੍ਰੈਕਟਡ ਮਾਲਕ ਦੁਆਰਾ ਦਿੱਤੇ ਗਏ ਹਨ ਜੋ ਇਨ੍ਹਾਂ ਟੀਕਾਕਰਣ ਰਿਕਾਰਡਾਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਮਾਪਦੰਡਾਂ ਦੀ ਪਾਲਣਾ ਕਰਦੇ ਹਨ।

7) ਫਰੈਸਨੋ ਦੀ ਸਿਟੀ ਕੋਲ ਪ੍ਰਮਾਣਿਤ ਕਰਮਚਾਰੀ ਟੀਕਾਕਰਣ ਦੀ ਸਥਿਤੀ ਨੂੰ ਟ੍ਰੈਕ ਕਰਨ ਲਈ ਇੱਕ ਦਸਤਾਵੇਜ਼ ਨਿਯੰਤਰਣ ਯੋਜਨਾ ਹੈ। ਕੇਸ ਦੀ ਜਾਂਚ ਦੇ ਉਦੇਸ਼ਾਂ ਲਈ ਟੀਕਾਕਰਣ ਤਸਦੀਕ ਦੇ ਰਿਕਾਰਡ, ਬੇਨਤੀ 'ਤੇ, ਸਥਾਨਕ ਸਿਹਤ ਅਧਿਕਾਰ ਖੇਤਰ ਨੂੰ ਉਪਲਬਧ ਕਰਾਉਣੇ ਚਾਹੀਦੇ ਹਨ।

## 5.0 ਕੋਵਿਡ -19 ਵਾਇਰਸ ਟੈਸਟਿੰਗ ਦੀ ਪਾਲਣਾ ਕਰਨ ਵਿੱਚ ਅਸਫਲਤਾ ਲਈ ਅਨੁਸ਼ਾਸਨ

1) ਸਾਰੇ ਬਗੈਰ ਟੀਕਾਕਰਣ ਅਤੇ ਅਧੂਰੇ ਟੀਕਾਕਰਣ ਵਾਲੇ ਕਰਮਚਾਰੀਆਂ ਨੂੰ ਸੋਮਵਾਰ, 20 ਸਿਤੰਬਰ,2021 ਤੋਂ ਸ਼ੁਰੂ ਇਸ ਕੋਵਿਡ-19 ਟੈਸਟਿੰਗ ਯੋਜਨਾ ਦੀ ਪਾਲਣਾ ਕਰਨੀ ਜ਼ਰੂਰੀ ਹੋਵੇਗੀ।

   a) ਜਿਹੜੇ ਕਰਮਚਾਰੀ ਇਸ ਕੋਵਿਡ -19 ਵਾਇਰਸ ਟੈਸਟਿੰਗ ਯੋਜਨਾ ਦੀਆਂ ਜ਼ਰੂਰਤਾਂ ਦੀ ਪਾਲਣਾ ਕਰਨ ਵਿੱਚ ਅਸਫਲ ਹੁੰਦੇ ਹਨ, ਉਨ੍ਹਾਂ ਨੂੰ ਸਮਾਪਤੀ ਤੱਕ ਅਨੁਸ਼ਾਸਨ ਦੇ ਅਧੀਨ ਹੋਣਾ ਹੋਏਗਾ।
   b) ਜਿਨ੍ਹਾਂ ਕਰਮਚਾਰੀਆਂ ਦੀ ਸਪਤਾਹਿਕ ਕੋਵਿਡ 19 ਵਾਇਰਸ ਦੀ ਟੈਸਟਿੰਗ ਮਿਸ ਹੋਣ ਦੀ ਖਬਰ ਹੈ, ਉਨ੍ਹਾਂ ਨੂੰ ਤੁਰੰਤ ਕੰਮ ਛੱਡਣ ਅਤੇ ਫਰੈਸਨੋ ਸਿਟੀ ਦੁਆਰਾ ਨਿਰਧਾਰਤ ਸਥਾਨਾਂ ਵਿੱਚੋਂ ਇੱਕ 'ਤੇ ਕੋਵਿਡ 19 ਵਾਇਰਸ ਟੈਸਟ ਲਈ ਜਮ੍ਹਾਂ ਕਰਾਉਣ ਦੇ ਨਿਰਦੇਸ਼ ਦਿੱਤੇ ਜਾਣਗੇ।
   c) ਉਹ ਕਰਮਚਾਰੀ ਜੋ ਉਨ੍ਹਾਂ ਦੇ ਹਫਤਾਵਾਰੀ ਕੋਵਿਡ-19 ਵਾਇਰਸ ਟੈਸਟਿੰਗ ਨੂੰ ਦੋ ਟੈਸਟਿੰਗ ਅਵਧੀ ਲਈ ਮਿਸ ਕਰਦੇ ਹਨ, ਉਨ੍ਹਾਂ ਨੂੰ ਸਮਾਪਤੀ ਤੱਕ ਅਨੁਸ਼ਾਸਨ ਦੇ ਅਧੀਨ ਹੋਣਾ ਹੋਏਗਾ।

d) ਸਥਾਈ ਵਰਗੀਕ੍ਰਿਤ ਕਰਮਚਾਰੀ ਜੋ ਸਪਤਾਹਿਕ COVID19 ਵਾਇਰਸ ਟੈਸਟਿੰਗ ਵਿੱਚ ਦਾਖਲ ਹੋਣ ਤੋਂ ਇਨਕਾਰ ਕਰਦੇ ਹਨ, ਸਮਾਪਤੀ ਦੇ ਅਧੀਨ ਹੋਣਗੇ ਅਤੇ ਪਹਿਲੇ ਇਨਕਾਰ 'ਤੇ ਪ੍ਰਸਤਾਵਿਤ ਹਟਾਉਣ ਦਾ ਨੋਟਿਸ ਜਾਰੀ ਕਰਨਗੇ, ਅਤੇ ਸੱਕੇਲੀ ਮੀਟਿੰਗ ਦੀ ਤਾਰੀਖ ਪ੍ਰਸਤਾਵਿਤ ਹਟਾਉਣ ਦੇ ਨੋਟਿਸ ਵਿੱਚ ਦੱਸੀ ਜਾਵੇਗੀ। ਸੱਕੇਲੀ ਮੀਟਿੰਗਾਂ ਸਿਟੀ ਦੁਆਰਾ ਨਿਰਧਾਰਤ ਕੀਤੇ ਜ਼ੂਮ ਜਾਂ ਕਿਸੇ ਹੋਰ ਵੀਡੀਓ ਕਾਨਫਰੰਸਿੰਗ ਪਲੇਟਫਾਰਮ ਦੁਆਰਾ ਕੀਤੀਆਂ ਜਾਣਗੀਆਂ।

e) ਗੈਰ-ਵਰਗੀਕ੍ਰਿਤ ਕਰਮਚਾਰੀਆਂ ਨੂੰ ਜਿਹੜੇ ਕਿ ਸਪਤਾਹਿਕ COVID19 ਵਾਇਰਸ ਟੈਸਟਿੰਗ ਨੂੰ ਜਮ੍ਹਾਂ ਕਰਾਉਣ ਤੋਂ ਇਨਕਾਰ ਕਰਦੇ ਹਨ, ਪਹਿਲੇ ਇਨਕਾਰ 'ਤੇ ਤੁਰੰਤ ਸਮਾਪਤੀ ਦੇ ਅਧੀਨ ਹੋਣਗੇ।

## 6.0 ਬਗੈਰ ਟੀਕਾਕਰਣ ਵਾਲੇ ਕਰਮਚਾਰੀਆਂ ਲਈ ਕੋਵਿਡ-19 ਵਾਇਰਸ ਟੈਸਟਿੰਗ ਦੀਆਂ ਸੇਵਾਵਾਂ

1) ਸਾਰੇ ਕੋਵਿਡ-19 ਵਾਇਰਸ ਦੇ ਟੈਸਟ ਮਾਹਿਰ ਮੈਡੀਕਲ ਕਰਮਚਾਰੀ ਦੁਆਰਾ ਕੀਤੇ ਜਾਣਗੇ ਅਤੇ ਟੈਸਟ ਦੇ ਨਤੀਜਿਆਂ ਨੂੰ ਲਾਗੂ ਕਾਨੂੰਨ ਦੇ ਅਨੁਕੂਲ ਗੁਪਤ ਡਾਕਟਰੀ ਰਿਕਾਰਡਾਂ ਦੇ ਰੂਪ ਵਿੱਚ ਰੱਖਿਆ ਜਾਵੇਗਾ। .

2)ਫਰੈਸਨੋ ਸਿਟੀ ਨੇ ਸੈਨ ਫ੍ਰਾਂਸਿਸਕੋ – ਫਰੈਸਨੋ(UCSF) ਵਿਖੇ ਕੈਲੀਫੋਰਨੀਆ ਦੀ ਯੂਨੀਵਰਸਿਟੀ ਨਾਲ ਇਸਦੇ ਮੋਬਾਈਲ ਹੈਲਥ ਕਲੀਨਿਕ ਦੁਆਰਾ ਸਿਟੀ ਦੇ  ਸਾਰੇ ਬਗੈਰ ਟੀਕਾਕਰਣ ਵਾਲੇ ਕਰਮਚਾਰੀਆਂ ਲਈ ਕੋਵਿਡ-19 ਵਾਇਰਸ ਦੀ ਜਾਂਚ ਲਈ ਸਮਝੌਤਾ ਕੀਤਾ ਹੈ।

3) UCSF ਮੋਬਾਈਲ ਹੈਲਥ ਕਲੀਨਿਕ ਦਾ ਸੰਚਾਲਨ ਡਾ. ਕੋੱਨੀ ਬਾਨ੍ਹ, ਅੰਡਰਗ੍ਰੈਜੁਏਟ ਮੈਡੀਕਲ ਸਿੱਖਿਆ ਦੇ ਸਹਾਇਕ ਡੀਨ ਦੁਆਰਾ ਕੀਤਾ ਜਾਵੇਗਾ।

4) UCSF ਫਰੈਸਨੋ ਸਿਟੀ ਅਤੇ ਫਰੈਸਨੋ ਕਾਉਂਟੀ ਦੇ ਨਾਲ ਸਮਝੌਤੇ ਦੇ ਤਹਿਤ ਮਹਾਂਮਾਰੀ ਦੇ ਦੌਰਾਨ ਫਰੈਸਨੋ ਸਿਟੀ ਦੇ ਵਸਨੀਕਾਂ ਨੂੰ ਕੋਵਿਡ -19 ਟੈਸਟਿੰਗ ਅਤੇ ਟੀਕਾਕਰਣ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ।

5) ਗੈਰ ਟੀਕਾਕਰਣ ਅਤੇ ਅਧੂਰਾ ਟੀਕਾਕਰਣ ਵਾਲੇ ਕਰਮਚਾਰੀਆਂ ਦੀ ਸਪਤਾਹਿਕ ਪਾਲੀਮੇਰੇਜ਼ ਚੇਨ ਰਿਐਕਸ਼ਨ (PCR) ਕੋਵਿਡ -19 ਵਾਇਰਸ ਟੈਸਟਾਂ ਨਾਲ ਜਾਂਚ ਕੀਤੀ ਜਾਏਗੀ। ਕਿਸੇ ਵੀ PCR(molecular) ਟੈਸਟ ਦੀ ਵਰਤੋਂ ਜਾਂ ਤਾਂ U.S. ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਦੁਆਰਾ ਐਮਰਜੈਂਸੀ ਉਪਯੋਗ ਲਈ ਅਧਿਕਾਰ ਹੋਵੇ ਜਾਂ U.S.ਸੈਂਟਰ ਫਾਰ ਮੈਡੀਕੇਅਰ ਐਂਡ ਮੈਡੀਕੇਡ ਸੇਵਾਵਾਂ ਦੁਆਰਾ ਸਥਾਪਤ ਪ੍ਰਯੋਗਸ਼ਾਲਾ ਵਿਕਸਤ ਟੈਸਟ ਦੀਆਂ ਜ਼ਰੂਰਤਾਂ ਦੇ ਅਨੁਸਾਰ ਕੀਤੀ ਜਾਏਗੀ।

6) ਸਿਟੀ ਕਰਮਚਾਰੀਆਂ ਲਈ ਲੋੜੀਂਦੀ ਕੋਵਿਡ -19 ਵਾਇਰਸ ਜਾਂਚ ਸੇਵਾਵਾਂ ਪ੍ਰਦਾਨ ਕਰਨ ਲਈ, UCSF ਫਰੈਸਨੋ ਨੂੰ:

a) ਸਿਟੀ ਦੁਆਰਾ ਨਿਰਦੇਸ਼ਿਤ , ਸ਼ਹਿਰ ਦੇ ਨਿਰਧਾਰਤ ਸਾਈਟਾਂ ਤੇ ਰੋਜ਼ਾਨਾ ਪੌਪਅੱਪ ਕਲੀਨਿਕ ਇਵੈਂਟਸ ਚਲਾਉ।

b) ਯੂਨੀਵਰਸਿਟੀ ਦੀਆਂ ਛੁੱਟੀਆਂ ਨੂੰ ਛੱਡ ਕੇ, ਸਵੇਰੇ 8:00 ਵਜੇ ਤੋਂ ਸ਼ਾਮ 4:00 ਵਜੇ ਤੱਕ UC ਮਰਸਡ ਫਰੈਸਨੋ ਸੈਂਟਰ (550 E Shaw Ave) ਵਿਖੇ UCSF ਸਥਿਰ ਸਥਾਨ ਡਰਾਈਵ-ਥਰੂ ਹਫਤੇ ਦੇ 7 ਦਿਨ ਚਲਾਉ।

c) ਸੁਰੱਖਿਅਤ ਢੰਗ ਨਾਲ ਸਿਟੀ ਨਾਲ ਸੰਚਾਰ ਕਰੋ: (1) ਕਰਮਚਾਰੀ ਜਿਨਾਂ ਨੇ ਟੈਸਟਿੰਗ ਵਿੱਚ ਭਾਗ ਲਿਆ ਸੀ ਉਨਾਂ ਦੀ ਰੋਜ਼ਾਨਾ ਲਿਸਟ; ਅਤੇ (2) ਕਰਮਚਾਰੀਆਂ ਦੇ ਟੈਸਟ ਦੇ ਨਤੀਜੇ ਜਿਨਾਂ ਦਾ ਕੋਵਿਡ -19 ਵਾਇਰਸ ਦਾ ਟੈਸਟ ਪੋਜ਼ਿਟਿਵ ਹੈ (ਅਜਿਹਾ ਸੰਚਾਰ ਸਿਟੀ ਨੂੰ ਜਲਦੀ ਅਤੇ ਘੱਟੋ ਘੱਟ, ਉਸੇ ਸਮੇਂ ਮੁਹੱਈਆ ਕਰਵਾਇਆ ਜਾਵੇਗਾ ਜਦੋਂ ਹੀ ਇਹ ਕਰਮਚਾਰੀ ਨੂੰ ਦਿੱਤਾ ਜਾਵੇਗਾ)।

   i) ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਪਬਲਿਕ ਹੈਲਥ ਵੈਲੇਂਸੀਆ ਬ੍ਰਾਂਚ ਲੈਬ ਦੁਆਰਾ ਹਰ ਕਰਮਚਾਰੀ ਨੂੰ ਕੋਵਿਡ -19 ਵਾਇਰਸ ਟੈਸਟ ਦੇ ਨਤੀਜੇ ਪ੍ਰਦਾਨ ਕਰੋ। ਟੈਸਟ ਦੇ ਨਤੀਜੇ ਵਰਤੋਂ ਵਿੱਚ ਅਸਾਨ ਟੈਕਸਟ ਅਤੇ ਈਮੇਲ ਟੈਂਪਲੇਟਸ ਦੁਆਰਾ ਪ੍ਰਦਾਨ ਕੀਤੇ ਜਾਣਗੇ, ਜੇ ਟੈਸਟ ਪੋਜ਼ਿਟਿਵ ਹੋਣ ਤਾਂ ਕੀ ਕਰਨਾ ਹੈ ਇਸ ਬਾਰੇ ਨਿਰਦੇਸ਼ ਸ਼ਾਮਲ ਹਨ।

   ii) ਸੰਪਰਕ ਟਰੇਸਿੰਗ ਯਤਨਾਂ ਲਈ ਫਰੈਸਨੋ ਸਿਟੀ HWTF ਨੂੰ ਪੋਜ਼ਿਟਿਵ ਕੋਵਿਡ-19 ਵਾਇਰਸ ਟੈਸਟ ਦੀ ਸੂਚਨਾ ਪ੍ਰਦਾਨ ਕਰੋ। ਕਰਮਚਾਰੀ ਦਾ ਆਈ.ਡੀ(ID)ਨੰਬਰ ਮੁੱਖ ਪਛਾਣਕਰਤਾ ਵਜੋਂ ਵਰਤਿਆ ਜਾਵੇਗਾ।

d) ਕੋਵਿਡ-19 ਵਾਇਰਸ ਟੈਸਟਿੰਗ ਦੀਆਂ ਸੇਵਾਵਾਂ ਬਿਨਾਂ ਅੱਪੋਇੰਟਮੇਂਟ, ਬੀਮਾ, ਓਰਕੋਪੇ ਤੋਂ ਦੱਓ।

e) ਫਰੈਸਨੋ ਕਾਉਂਟੀ ਡਿਪਾਰਟਮੈਂਟ ਆਫ਼ ਪਬਲਿਕ ਹੈਲਥ ਦੇ ਸਰੋਤ ਟੀਕੇ ਅਤੇ ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਪਬਲਿਕ ਹੈਥ ਦੇ ਕੋਵਿਡ -19 ਪੀਸੀਆਰ ਟੈਸਟ - ਫਿਲਹਾਲ UCSF ਫਰੈਸਨੋ ਨੂੰ ਬਿਨਾਂ ਕਿਸੇ ਕੀਮਤ ਦੇ - ਜਦੋਂ ਵੀ ਸਪਲਾਈ ਉਪਲਬਧ ਹੈ।

f) ਸੇਮਪਲੇ ਇਕੱਠੇ ਕਰਨ ਲਈ ਅਤੇ ਪ੍ਰਕਿਰਿਆ ਲਈ ਜ਼ਰੂਰੀ ਉਪਕਰਣ ਤੇ ਸਟੋਰੇਜ ਪ੍ਰਦਾਨ ਕਰੋ।

cc: ਦੋਗਲਾਸ ਸਲੋਨ, ਸਿਟੀ ਅੱਟੋਰਨੀ
ਪਬਲਿਕ ਅਫ਼ੇਰਸ (ਈਮੇਲ ਬਲਾਸਟ)
ਵਿਭਾਗ (ਬਿਨਾਂ ਈਮੇਲ ਦੇ ਕਰਮਚਾਰੀਆਂ ਲਈ ਪੋਸਟਿੰਗ)

# ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ

## ਫਰੈਸਨੋ ਸਿਟੀ ਦੀ ਕੋਵਿਡ-19 ਵਾਇਰਸ ਟੈਸਟਿੰਗ ਯੋਜਨਾ

**<u>ਕਾਨੂੰਨੀ ਪ੍ਰਸ਼ਨ</u>**

**ਕਿ ਫਰੈਸਨੋ ਸਿਟੀ ਕਰਮਚਾਰੀਆਂ ਨੂੰ ਕੋਵਿਡ-19 ਦੇ ਟੀਕੇ ਲਗਵਾਉਣ ਦੀ ਮੰਗ ਕਰਦਾ ਹੈ?**

ਨਹੀਂ। ਇਸ ਸਮੇਂ, ਫਰੈਸਨੋ ਸਿਟੀ ਜਾਂ ਤਾਂ ਕਰਮਚਾਰੀਆਂ ਤੋਂ ਟੀਕਾਕਰਣ ਦੇ ਸਬੂਤ ਜਾਂ ਸਪਤਾਹਿਕ ਕੋਵਿਡ-19 ਦੀ ਜਾਂਚ ਦੇ ਸਬੂਤ ਦੀ ਮੰਗ ਕਰਦੀ ਹੈ।

**ਫੇਸਮਾਸਕਾਂ ਬਾਰੇ ਕੀ?**

CDC ਅਤੇ Cal/OSHA ਦੇ ਹਾਲ ਹੀ ਵਿੱਚ ਸੰਸ਼ੋਧਿਤ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ, ਸਿਟੀ ਟੀਕਾਕਰਣ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਸਾਰੇ ਕਰਮਚਾਰੀਆਂ ਤੋਂ ਅੰਦਰ ਸਵੀਕਾਰਯੋਗ ਫੇਸ ਕਵਰਿੰਗਸ (ਜਿਵੇਂ ਮਾਸਕ) ਪਹਿਨਣ ਦੀ ਜਦੋਂ ਤੱਕ ਕਰਮਚਾਰੀ ਕਿਸੇ ਦਫਤਰ ਜਾਂ ਕਾਨਫਰੰਸ ਰੂਮ ਵਿੱਚ ਇਕੱਲਾ ਨਾ ਹੋਵੇ, ਜਾਂ ਖਾਣ ਜਾਂ ਪੀਣ ਦੇ ਦੌਰਾਨ ਛੇ ਫੁੱਟ ਦੂਰ ਹੋਣ ਦੀ ਮੰਗ ਕਰਦੀ ਹੈ।

**ਕਿਹੜੀ ਕਨੂੰਨੀ ਅਥਾਰਟੀ ਸਿਟੀ ਨੂੰ ਟੀਕਾਕਰਣ ਦੇ ਸਬੂਤ ਲਾਜ਼ਮੀ ਕਰਨ ਜਾਂ ਸਪਤਾਹਿਕ ਕੋਵਿਡ-19 ਟੈਸਟਿੰਗ ਜਮ੍ਹਾਂ ਕਰਾਉਣ ਦੀ ਆਗਿਆ ਦਿੰਦੀ ਹੈ?**

ਦ ਇਕਵਲ ਔਪੋਰਚਯੁਨਿਟੀ ਇਮਪਲੋਯਮੇਂਟ ਕਮਿਸ਼ਨ(EEOC), ਫੈਡਰਲ ਇਨਫੋਰਸਮੈਂਟ ਏਜੰਸੀ ਫਾਰ ਅਮੇਰਿਕਨਜ਼ ਡਿਸਏਬਿਲਿਟੀਜ਼ ਐਕਟ (ADA) ਦਾ ਮੰਨਣਾ ਹੈ ਕਿ ਮਾਲਕ ਨੂੰ ਕੋਵਿਡ -19 ਟੈਸਟ ਦੀ ਲੋੜ ਹੋ ਸਕਦੀ ਹੈ ਜਿੱਥੇ ਇਹ ਕਾਰੋਬਾਰੀ ਜ਼ਰੂਰਤ ਦੇ ਅਨੁਕੂਲ ਹੋਵੇ, ਜਿਸ ਵਿੱਚ ਹੋਰ ਕਰਮਚਾਰੀਆਂ ਨੂੰ ਕੋਵਿਡ -19 ਦੁਆਰਾ ਪੈਦਾ ਹੋਏ ਸਿੱਧੇ ਖਤਰੇ ਤੋਂ ਬਚਾਉਣਾ ਸ਼ਾਮਲ ਹੈ। (EEOC ਦਾ "ਤੁਹਾਨੂੰ ਕੋਵਿਡ -19 ਅਤੇ ADA ਬਾਰੇ ਕੀ ਪਤਾ ਹੋਣਾ ਚਾਹੀਦਾ ਹੈ,ਵੇਖੋ...", 28 ਮਈ, 2021 ਨੂੰ ਅਪਡੇਟ ਕੀਤਾ ਗਿਆ)। ਇਸ ਤੋਂ ਇਲਾਵਾ, ਨਿਰਪੱਖ ਰੁਜ਼ਗਾਰ ਅਤੇ ਹਾਉਸਿੰਗ ਵਿਭਾਗ (DFEH), ਨਿਰਪੱਖ ਰੁਜ਼ਗਾਰ ਅਤੇ ਹਾਉਸਿੰਗ ਐਕਟ (FEHA) ਲਈ ਰਾਜ ਲਾਗੂ ਕਰਨ ਵਾਲੀ ਏਜੰਸੀ, ਵੀ ਏਹੀ ਰਾਏ ਰੱਖਦੀ ਹੈ। ਰਾਜ ਅਤੇ ਫੈਡਰਲ ਕਾਨੂੰਨ ਦੇ ਅਧੀਨ, ਇੱਕ ਮਾਲਕ ਨੂੰ ਕੋਵਿਡ -19 ਟੈਸਟਿੰਗ ਦੀ ਲੋੜ ਹੋ ਸਕਦੀ ਹੈ। (4 ਮਾਰਚ, 2021 ਨੂੰ ਅਪਡੇਟ ਕੀਤਾ ਗਿਆ "ਕੋਵਿਡ -19 ਬਾਰੇ ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਬਾਰੇ DFEH ਰੁਜ਼ਗਾਰ ਜਾਣਕਾਰੀ ਵੇਖੋ)"। ਉਹੀ ਸਰੋਤ ਜੋ ਮਾਲਕ ਨੂੰ ਟੀਕਾਕਰਣ ਦੇ ਸਬੂਤ ਦੀ ਬੇਨਤੀ ਕਰ ਸਕਦੇ ਹਨ।

**ਕਿ HIPAA ਸਿਟੀ ਨੂੰ ਟੀਕਾਕਰਣ ਦਾ ਸਬੂਤ ਮੰਗਣ ਜਾਂ ਕਿਸੇ ਟੈਸਟ ਨੂੰ ਲਾਜ਼ਮੀ ਕਰਨ ਤੋਂ ਵਰਜਿਤ ਨਹੀਂ ਕਰਦਾ?**

ਨਹੀਂ। ਹੈਲਥ ਇੰਸ਼ੋਰੈਂਸ ਪੋਰਟੇਬਿਲਟੀ ਐਂਡ ਅਕਾਊਂਟਟੇਬਿਲਟੀ ਐਕਟ 1996 (HIPAA)ਇੱਕ ਇਲਾਜ ਕਰਨ ਵਾਲੇ ਡਾਕਟਰ, ਹਸਪਤਾਲ, ਹੋਰ ਮੈਡੀਕਲ ਸੇਵਾ ਪ੍ਰਦਾਤਾ ਤੋਂ ਤੀਜੀ ਧਿਰਾਂ ਨੂੰ ਨਿੱਜੀ ਡਾਕਟਰੀ ਜਾਣਕਾਰੀ ਦੇ ਪ੍ਰਸਾਰ ਨੂੰ ਨਿਯਮਤ ਕਰਦਾ ਹੈ। ਇੱਕ ਮਾਲਕ ਵਜੋਂ ਸਿਟੀ HIPAA ਦੇ ਅਧੀਨ ਇੱਕ ਕਵਰ ਕੀਤੀ ਇਕਾਈ ਨਹੀਂ ਹੈ। (U.S. ਡਿਪਾਰਟਮੈਂਟ ਆਫ਼ ਹੈਲਥ ਐਂਡ ਹਯੂਮਨ ਸਰਵਿਸਿਜ਼ ਹੈਲਥ ਇਨਫਰਮੇਸ਼ਨ ਪ੍ਰਾਈਵੇਸੀ "ਵਿਅਕਤੀਆਂ ਲਈ HIPAA" www.hhs.gov/hipaa 'ਤੇ ਦੇਖੋ)।

**ਕਿ ਮੇਰੀ ਮੈਡੀਕਲ ਦੀ ਜਾਣਕਾਰੀ ਨਿਜੀ ਨਹੀਂ ਹੈ?**

ਹਾਂ। ADA ਅਤੇ FEHA ਦੇ ਅਧੀਨ, ਨਾਲ ਹੀ ਕਈ ਹੋਰ ਗੋਪਨੀਯਤਾ ਕਾਨੂੰਨਾਂ ਦੇ ਨਾਲ, ਤੁਹਾਡੀ ਡਾਕਟਰੀ ਜਾਣਕਾਰੀ ਗੁਪਤ ਹੈ। ਇਸ ਨੂੰ ਗੁਪਤ ਰੂਪ ਵਿੱਚ ਰੱਖਿਆ ਜਾਵੇਗਾ, ਸਿਰਫ ਜ਼ਰੂਰਤ ਲਈ ਜਾਣਨ ਦੇ ਅਧਾਰ ਤੇ, ਲਾਗੂ ਕਾਨੂੰਨ ਦੇ ਅਨੁਕੂਲ ਲੋਕਾਂ ਲਈ ਉਪਲਬਧ ਹੈ।

**ਮੇਰੇ ਕੀ ਹੱਕ ਹਨ ਜੇਕਰ ਮੈਨੂੰ ਲੱਗਦਾ ਹੈ ਕਿ ਮੈਨੂੰ ਅਪਾਹਜਤਾ ਹੈ ਜਾਂ ਕੋਈ ਮੈਡੀਕਲ ਦੀ ਸਥਿਤੀ ਜਿਹੜੀ ਮੇਰੀ ਯੋਗਤਾ ਨੂੰ ਕੋਵਿਡ-19 ਘਟਾਉਣ ਦੀ ਯੋਜਨਾ ਦੀ ਪਾਲਣਾ ਕਰਨ ਤੋਂ ਰੋਕਣ ਲਈ ਪ੍ਰਭਾਵਿਤ ਕਰਦੀ ਹੈ?**

ਕਿਰਪਾ ਕਰਕੇ ਆਪਣੇ ਸੁਪਰਵਾਇਜ਼ਰ ਜਾਂ ਮੈਨੇਜਰ ਨੂੰ ਜਾਣਕਾਰੀ ਦਵੋ ਅਤੇ ਕਰਮਚਾਰੀ ਸੇਵਾਵਾਂ ਤੁਹਾਡੇ ਨਾਲ ਇੱਕ ਇੰਟਰਐਕਟਿਵ ਪ੍ਰਕਿਰਿਆ ਮੀਟਿੰਗ ਦਾ ਸਮਾਂ ਤਹਿ ਕਰਨ ਲਈ ਪਹੁੰਚਣਗੀਆਂ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਜੇ ਕੋਈ ਵਾਜਬ ਪ੍ਰਬੰਧ ਹੈ ਜਿਹੜੇ ਤੁਹਾਨੂੰ ਆਪਣੇ ਅਹੁਦੇ ਦੇ ਸਾਰੇ ਜ਼ਰੂਰੀ ਕੰਮਾਂ ਨੂੰ ਜਾਰੀ ਰੱਖਣ ਅਤੇ ਸ਼ਹਿਰ ਦੇ ਨਿਯਮਾਂ ਦੀ ਪਾਲਣਾ ਕਰਨ ਦੇ ਯੋਗ ਬਣਾਉਣਗੇ।

**ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ**

**ਫਰੈਸਨੋ ਸਿਟੀ ਦੀ ਕੋਵਿਡ-19 ਵਾਇਰਸ ਟੈਸਟਿੰਗ ਯੋਜਨਾ**

### ਕੀ ਮੈਂ ਗੈਰ-ਹਾਜ਼ਰੀ ਦੀ ਛੁੱਟੀ ਦਾ ਹੱਕਦਾਰ ਹਾਂ ਜਦੋਂ ਤੱਕ ਕੋਵਿਡ -19 ਘਟਾਉਣ ਦੀਆਂ ਰਣਨੀਤੀਆਂ ਲਾਗੂ ਨਹੀਂ ਹੁੰਦੀਆਂ?

ਡਾਕਟਰੀ ਲੋੜ ਅਤੇ/ਜਾਂ ਧਾਰਮਿਕ ਛੋਟ ਦੇ ਅਧਾਰ ਤੇ ਇੰਟਰਐਕਟਿਵ ਪ੍ਰਕਿਰਿਆ ਦੇ ਨਤੀਜੇ ਵਜੋਂ ਵਾਜਬ ਰਿਹਾਇਸ਼ਾਂ ਦੇ ਬਾਹਰ, ਗੈਰਹਾਜ਼ਰੀ ਦੀ ਛੁੱਟੀ ਲਈ ਕੋਈ ਅਜ਼ਾਦ, ਕਾਨੂੰਨੀ ਅਧਿਕਾਰ ਨਹੀਂ ਹੈ। ਗੈਰਹਾਜ਼ਰੀ ਦੀਆਂ ਛੁੱਟੀਆਂ ਨੂੰ ਫਰੈਸਨੋ ਮਯੂਨਿਸਿਪਲ ਕੋਡ ਦੁਆਰਾ ਵਿਅਕਤੀਗਤ ਅਧਾਰ ਤੇ ਨਿਰਧਾਰਤ ਤਰੀਕੇ ਨਾਲ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ।

### ਕੀ ਮੈਂ ਟੈਲੀਵਰਕ ਕਰਨ ਦਾ ਹੱਕਦਾਰ ਹਾਂ ਜਦੋਂ ਤੱਕ ਕੋਵਿਡ -19 ਘਟਾਉਣ ਦੀਆਂ ਰਣਨੀਤੀਆਂ ਲਾਗੂ ਨਹੀਂ ਹੁੰਦੀਆਂ??

ਡਾਕਟਰੀ ਜ਼ਰੂਰਤ ਅਤੇ/ਜਾਂ ਧਾਰਮਿਕ ਛੋਟ ਦੇ ਅਧਾਰ ਤੇ ਇੰਟਰਐਕਟਿਵ ਪ੍ਰਕਿਰਿਆ ਦੇ ਨਤੀਜੇ ਵਜੋਂ ਵਾਜਬ ਰਿਹਾਇਸ਼ਾਂ ਦੇ ਬਾਹਰ, ਟੈਲੀਵਰਕ ਕਰਨ ਦਾ ਕੋਈ ਸੁਤੰਤਰ, ਕਾਨੂੰਨੀ ਅਧਿਕਾਰ ਨਹੀਂ ਹੈ। ਕੋਵਿਡ -19 ਘਟਾਉਣ ਦੀ ਯੋਜਨਾ ਵਿੱਚ ਸਿਟੀ ਮੈਨੇਜਰ ਦੇ ਨਿਰਦੇਸ਼ਾਂ ਅਨੁਸਾਰ, ਇੱਕ ਕਰਮਚਾਰੀ ਨੂੰ ਵਿਭਾਗ ਦੇ ਨਿਰਦੇਸ਼ਕ ਦੇ ਵਿਚਾਰ ਦੇ ਆਧਾਰ ਤੇ, ਵਿਅਕਤੀਗਤ ਅਧਾਰ ਤੇ ਟੈਲੀਵਰਕ ਕਰਨ ਦੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ ਜਾਂ ਦਿੱਤੀ ਜਾ ਸਕਦੀ ਹੈ।

### ਕੈਲੀਫੋਰਨੀਆ ਦੀ SB 95 ਪੂਰਕ ਕੋਵੀਡ -19 ਛੁੱਟੀ ਕਿੰਨੀ ਦੇਰ ਤੱਕ ਉਪਲਬਧ ਰਹੇਗੀ?

ਕੈਲੀਫੋਰਨੀਆ ਦੀ SB 95 ਪੂਰਕ ਕੋਵਿਡ -19 ਛੁੱਟੀ 1 ਜਨਵਰੀ, 2021 ਨੂੰ ਵਰਤੋਂ ਲਈ ਪਿਛਲੀ ਸਰਗਰਮੀ ਨਾਲ ਉਪਲਬਧ ਹੋ ਗਈ ਅਤੇ 30 ਸਤੰਬਰ, 2021 ਨੂੰ ਸਮਾਪਤ ਹੋ ਰਹੀ ਹੈ। ਕਨੂੰਨ ਦੇ ਅਨੁਸਾਰ, ਕਰਮਚਾਰੀ 31 ਸਤੰਬਰ, 2021 ਤੱਕ ਯੋਗਤਾ ਦੇ ਕਾਰਨ ਆਪਣੇ ਬਾਕੀ ਬਚੇ ਸਮੇਂ ਦੀ ਵਰਤੋਂ ਕਰ ਸਕਦੇ ਹਨ। ਕਨੂੰਨ, ਪੂਰਕ ਕੋਵਿਡ -19 ਛੁੱਟੀ ਪੈਨਸ਼ਨ ਯੋਗ ਨਹੀਂ ਹੈ, ਕੈਸ਼ ਨਹੀਂ ਕੀਤੀ ਜਾ ਸਕਦੀ, ਅਤੇ ਜੇ ਕੋਈ ਬਕਾਇਆ ਹੈ ਤਾਂ 31 ਸਤੰਬਰ, 2021 ਤੋਂ ਬਾਅਦ ਵਾਪਸ ਨਹੀਂ ਆਵੇਗੀ।

**ਸੁਰੱਖਿਆ ਦੇ ਪ੍ਰਸ਼ਨ**

### ਕਿਹੜੇ ਨਿਯੋਕਤਾਵਾਂ ਨੂੰ Cal/OSHA ਕੋਵਿਡ -19 ਐਮਰਜੈਂਸੀ ਅਸਥਾਈ ਮਾਪਦੰਡਾਂ (ETS)ਦੀ ਪਾਲਣਾ ਕਰਨੀ ਚਾਹੀਦੀ ਹੈ?

ETS ਹੇਠਾਂ ਦਿੱਤੇ ਅਪਵਾਦਾਂ ਦੇ ਨਾਲ ਸਾਰੇ ਮਾਲਕ, ਕਰਮਚਾਰੀਆਂ ਅਤੇ ਰੁਜ਼ਗਾਰ ਦੇ ਸਾਰੇ ਸਥਾਨਾਂ ਤੇ ਲਾਗੂ ਹੁੰਦਾ ਹੈ:

- ਕੰਮ ਦੇ ਸਥਾਨ ਜਿੱਥੇ ਸਿਰਫ ਇੱਕ ਕਰਮਚਾਰੀ ਹੁੰਦਾ ਹੈ ਜਿਸਦਾ ਦੂਜੇ ਲੋਕਾਂ ਨਾਲ ਸੰਪਰਕ ਨਹੀਂ ਹੁੰਦਾ
- ਉਹ ਕਰਮਚਾਰੀ ਜੋ ਘਰ ਤੋਂ ਕੰਮ ਕਰਦੇ ਹੋਏ, ਘਰ ਤੋਂ ਕੰਮ ਕਰਦੇ ਹੋਏ (ਭਾਵ, ਜਦੋਂ ਕਰਮਚਾਰੀ ਵਰਕਸਾਈਟ ਵਿੱਚ ਦਾਖਲ ਹੁੰਦੇ ਹਨ, ETS ਲਾਗੂ ਹੁੰਦਾ ਹੈ)
- ਉਹ ਕਰਮਚਾਰੀ ਜੋ ਐਰੋਸੋਲ ਟ੍ਰਾਂਸਮਿਸੀਬਲ ਡਿਸੀਜਸ ਰੈਗੂਲੇਸ਼ਨ ਦੇ ਅਧੀਨ ਆਉਂਦੇ ਹਨ

### ਕੀ ਈ.ਟੀ.ਐਸ(ETS) ਉਹਨਾਂ ਕਰਮਚਾਰੀਆਂ ਲਈ ਲਾਗੂ ਹੁੰਦਾ ਹੈ ਜੋ ਆਪਣੇ ਕੰਮ ਦੇ ਸਮੇਂ ਨੂੰ ਘਰ ਅਤੇ ਕਾਰਜ ਸਥਾਨ ਦੇ ਵਿੱਚ ਵੰਡਦੇ ਹਨ??

ਹਾਂ, ਹਾਲਾਂਕਿ, ਇਹ ਨਿਯਮ ਉਦੋਂ ਹੀ ਲਾਗੂ ਹੁੰਦਾ ਹੈ ਜਦੋਂ ਕਰਮਚਾਰੀ ਕੰਮ ਵਾਲੀ ਥਾਂ 'ਤੇ ਕੰਮ ਕਰਦੇ ਹਨ, ਜਾਂ ਕੰਮ' ਤੇ ਸਾਹਮਣੇ ਆਉਂਦੇ ਹਨ, ਪਰ ਉਦੋਂ ਨਹੀਂ ਜਦੋਂ ਉਹ ਘਰ ਤੋਂ ਕੰਮ ਕਰਦੇ ਹਨ।

## ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ

## ਫਰੈਸਨੋ ਸਿਟੀ ਦੀ ਕੋਵਿਡ-19 ਵਾਇਰਸ ਟੈਸਟਿੰਗ ਯੋਜਨਾ

**ਈ.ਟੀ.ਐਸ (ETS) ਦੀਆਂ ਮੂੰਹ ਢਕਣ( ਜਿਵੇਂ ਕਿ.,ਮਾਸਕਿੰਗ) ਦੀਆਂ ਕੀ ਜ਼ਰੂਰਤਾਂ ਹਨ?**

ਈ.ਟੀ.ਐਸ(ETS) ਮਾਲਕਾਂ ਨੂੰ ਉਨਾਂ ਕਰਮਚਾਰੀਆਂ ਨੂੰ ਘੱਟੋ-ਘੱਟ ਦੋ ਪਰਤਾਂ ਜਾਂ ਜਿਆਦਾ ਵਾਲੇ ਫੇਸ ਕਵਰਿੰਗ ਪ੍ਰਦਾਨ ਕਰਨ ਦੀ ਮੰਗ ਕਰਦਾ ਹੈ ਜਿਨਾਂ ਨੂੰ ਪੂਰੇ ਟੀਕੇ ਨਹੀਂ ਲੱਗੇ ਹਨ ਅਤੇ ਇਹ ਸੁਨਿਸ਼ਚਿਤ ਕਰਦਾ ਹੈ ਉਨਾਂ ਨੇ ਅੰਦਰ, ਵਾਹਨਾਂ ਵਿੱਚ ਅਤੇ ਜਦੋਂ ਵੀ CDPH ਦੇ ਆਦੇਸ਼ਾਂ ਦੁਆਰਾ ਜਰੂਰੀ ਹੋਵੇ, ਨੱਕ ਅਤੇ ਮੂੰਹ ਤੇ ਪਾਇਆ ਹੈ।

ਬਾਹਰ, ਕਿਸੇ ਵੀ ਕਰਮਚਾਰੀ ਨੂੰ ਮੂੰਹ ਢਕਣ ਦੀ ਜ਼ਰੂਰਤ ਨਹੀਂ, ਉਨਾਂ ਦੇ ਟੀਕੇ ਦੀ ਸਥਿਤੀ ਜਾਣੇ ਬਿਨਾਂ,ਜਦੋਂ ਤੱਕ ਕੋਈ ਆਪਦਾ ਨਾ ਹੋਵੇ। ਛੁੱਟ ਵਿੱਚ ਸ਼ਾਮਿਲ ਹਨ:

- ਜਦੋਂ ਕਮਰੇ ਜਾਂ ਵਾਹਨ ਵਿੱਚ ਕਰਮਚਾਰੀ ਇਕੱਲਾ ਹੋਵੇ
- ਖਾਣ ਜਾਂ ਪੀਣ ਦੇ ਸਮੇਂ ਮੁੱਹਈਆ ਕਰਮਚਾਰੀ 6 ਫੁੱਟ ਦੀ ਦੂਰੀ ਤੇ ਜਾਂ ਬਾਹਰ ਹਨ
- ਕਰਮਚਾਰੀਆਂ ਨੇ ਸ਼ਵਾਸਕ ਪਾਇਆ ਹੋਇਆ ਹੈ
- ਕਰਮਚਾਰੀ ਜਿਹੜੇ ਕਿ ਕਿਸੇ ਮੈਡੀਕਲ ਜਾਂ ਮਾਨਸਿਕ ਸਿਹਤ ਦੀ ਸਥਿਤੀ ਜਾਂ ਅਪਾਹਜਤਾ ਜਾਂ ਜਿਨਾਂ ਨੂੰ ਸੁਣਨ ਵਿੱਚ ਤਕਲੀਫ ਜਾਂ ਸੁਣਨ ਵਿੱਚ ਤਕਲੀਫ ਵਾਲੇ ਵਿਅਕਤੀ ਨਾਲ ਗੱਲ ਕਰਨ ਕਾਰਣ ਮਾਸਕ ਨਹੀਂ ਪਾ ਸਕਦੇ
- ਜਦੋਂ ਇੱਕ ਕਰਮਚਾਰੀ ਕੁੱਛ ਖਾਸ ਕੰਮ ਕਰਦਾ ਹੈ ਜਿਹੜਾ ਕਿ ਮਾਸਕ ਪਾ ਕੇ ਨਹੀਂ ਕੀਤਾ ਜਾ ਸਕਦਾ ਹੈ

ਮਾਲਕਾਂ ਨੂੰ ਬੇਨਤੀ ‘ਤੇ ਕਰਮਚਾਰੀਆਂ ਨੂੰ ਮੂੰਹ ਦੇ ਕਵਰ ਵੀ ਦੇਣੇ ਚਾਹੀਦੇ ਹਨ, ਉਨਾਂ ਦੀ ਟੀਕਾਕਰਣ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ।

**ਕਿ ਕਿਸੇ ਮਾਲਕ ਦੁਆਰਾ ਕਰਮਚਾਰੀ ਤੋਂ ਕੰਮ ਤੇ ਫੇਸ ਕਵਰਿੰਗ ਦੀ ਮੰਗ ਹੈ ਜੇਕਰ ਕਰਮਚਾਰੀਆਂ ਨੇ ਦਸਤਾਵੇਜ ਵੀ ਦਿੱਤੇ ਹਨ ਜਿਹੜੇ ਕਿ ਇਹ ਪੁਸ਼ਟੀ ਕਰਦੇ ਹਨ ਉਨਾਂ ਨੇ ਪੂਰੇ ਟੀਕੇ ਲਗਵਾਏ ਹਨ?**

ਹਾਂ, ਮਾਲਕਾਂ ਦੀਆਂ ਨੀਤੀਆਂ ਹੋ ਸਕਦੀਆਂ ਹਨ ਜਿਹੜੀਆਂ ਕਿ ਈ.ਟੀ.ਐਸ(ETS) ਦੁਆਰਾ ਜ਼ਰੂਰੀ ਨੀਤੀਆਂ ਨਾਲੋਂ ਸਖਤ ਹੁੰਦੀਆ ਹਨ। ਹਾਲਾਂਕਿ, ਉਨਾਂ ਲਈ ਰਿਆਹਿਸ਼ ਜ਼ਰੂਰੀ ਹੈ ਜਿਹੜੇ ਕਿ ਕਿਸੇ ਮੈਡੀਕਲ ਜਾਂ ਮਾਨਸਿਕ ਸਿਹਤ ਦੀ ਸਥਿਤੀ ਜਾਂ ਅਪਾਹਜਤਾ ਜਾਂ ਜਿਨਾਂ ਨੂੰ ਸੁਣਨ ਵਿੱਚ ਤਕਲੀਫ ਜਾਂ ਸੁਣਨ ਵਿੱਚ ਤਕਲੀਫ ਵਾਲੇ ਵਿਅਕਤੀ ਨਾਲ ਗੱਲ ਕਰਨ ਜਾਂ ਇੱਕ ਕਰਮਚਾਰੀ ਕੋਈ ਖਾਸ ਕੰਮ ਕਰਦਾ ਹੈ ਜਿਹੜਾ ਕਿ ਮੂੰਹ ਢੱਕ ਕੇ ਨਹੀਂ ਕੀਤਾ ਜਾ ਸਕਦਾ ਦੇ ਕਾਰਣ ਮਾਸਕ ਨਹੀਂ ਪਾ ਸਕਦੇ। ਰਿਹਾਇਸ਼ ਦੀ ਬੇਨਤੀ ਬਾਰੇ ਜਾਣਕਾਰੀ ਲਈ ਉੱਪਰ ਦਿੱਤੇ "ਕਾਨੂੰਨੀ ਪ੍ਰਸ਼ਨ" ਵੇਖੋ।

**ਈ.ਟੀ.ਐਸ (ETS) ਦੇ ਅਧੀਨ ਇੱਕ ਕਰਮਚਾਰੀ ਨੂੰ ਟੀਕਾ ਲੱਗਿਆ ਹੈ ਕਦੋਂ ਮੰਨਿਆ ਜਾਂਦਾ ਹੈ ?**

ਇੱਕ ਕਰਮਚਾਰੀ ਨੂੰ ਉਸ ਸਮੇਂ ਹੀ ਪੂਰਾ ਵੇਕ੍ਸੀਨੇਟੱਡ ਸਮਝਿਆ ਜਾਂਦਾ ਹੈ ਜੇਕਰ ਮਾਲਕ ਨੇ ਦਸਤਾਵੇਜੀ ਕੀਤੀ ਹੈ ਜਿਹੜੀ ਕਿ ਕਰਮਚਾਰੀ ਨੂੰ ਮਿਲੀ,ਘੱਟੋ-ਘੱਟ 14 ਦਿਨਾਂ ਪਹਿਲਾਂ, ਜਾਂ ਦੋ ਡੋਜ਼ ਵਾਲੀ ਕੋਵਿਡ -19 ਟੀਕੇ ਦੀ ਲੜੀ ਦੀ ਦੂਜੀ ਡੋਜ਼ ਜਾਂ ਸਿੰਗਲ-ਡੋਜ਼ ਵਾਲਾ ਕੋਵੀਡ -19 ਦਾ ਟੀਕਾ।

**ਈ.ਟੀ.ਐਸ (ETS) ਦੇ ਅਧੀਨ ਕੋਵਿਡ-19 ਦੇ ਕਿਹੜੇ ਟੀਕੇ ਸਵੀਕਾਰਯੋਗ ਹਨ?**

ਟੀਕੇ ਐਫ.ਡੀ.ਏ(FDA) ਵੱਲੋਂ ਮੰਜੂਰਸ਼ੁਦਾ ਹੋਣੇ ਚਾਹੀਦੇ ਹਨ; ਐਫ.ਡੀ.ਏ(FDA) ਵੱਲੋਂ ਇੱਕ ਐਮਰਜੈਂਸੀ ਵਰਤੋਂ ਅਧਿਕਾਰ(EUA);ਜਾਂ, ਜਿਹੜੇ ਵਿਅਕਤੀ ਯੂਨਾਇਟਿਡ ਸਟੇਟਸ ਤੋਂ ਬਾਹਰ ਪੂਰੀ ਤਰ੍ਹਾਂ ਟੀਕਾਕਰਣ ਹਨ,ਵਿਸ਼ਵ ਸਿਹਤ ਸੰਸਥਾ (WHO) ਦੁਆਰਾ ਐਮਰਜੈਂਸੀ ਵਰਤੋਂ ਲਈ ਸੂਚੀਬੱਧ ਕੀਤਾ ਹੋਵੇ

**ਟੀਕਾ ਲੱਗੇ ਹੋਏ ਵਿਅਕਤੀਆਂ ਦੁਆਰਾ ਕੀ ਹਲੇ ਵੀ ਈ.ਟੀ.ਐਸ (ETS) ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ?**

ਹਾਂ, ਈ.ਟੀ.ਐਸ(ETS) ਦੀਆਂ ਕੁੱਛ ਜ਼ਰੂਰਤਾਂ ਦਾ ਪਾਲਣ ਹਲੇ ਵੀ ਟੀਕਾ ਲੱਗੇ ਹੋਏ ਕਰਮਚਾਰੀਆਂ ਦੁਆਰਾ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਕਿ ਇਸ FAQ ਦੇ ਮੂੰਹ ਢਕਣ, ਟੈਸਟਿੰਗ ਅਤੇ ਆਉਟਬ੍ਰੇਕ ਵਾਲੇ ਭਾਗ ਵਿੱਚ ਚਰਚਾ ਕੀਤੀ ਗਈ ਹੈ।

# ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ

# ਫਰੈਸਨੋ ਸਿਟੀ ਦੀ ਕੋਵਿਡ-19 ਵਾਇਰਸ ਟੈਸਟਿੰਗ ਯੋਜਨਾ

## ਇੱਕ ਕੋਵਿਡ -19 ਕੇਸ ਦੀ ਜਾਂਚ ਅਤੇ ਜਵਾਬ ਦੇਣ ਲਈ ਇੱਕ ਮਾਲਕ ਨੂੰ ਕੀ ਕਰਨਾ ਚਾਹੀਦਾ ਹੈ?

ਕਾਰਜ ਸਥਾਨ ਵਿੱਚ ਇੱਕ ਕੋਵਿਡ-19 ਕੇਸ ਦੀ ਜਾਂਚ ਅਤੇ ਜਵਾਬ ਦੇਣ ਲਈ ਹੇਠ ਲਿਖੇ ਸ਼ਾਮਲ ਹਨ::

- ਨਿਰਧਾਰਤ ਕਰਨਾ ਕਿ ਕਾਰਜ ਸਥਾਨ ਤੇ ਕੋਵਿਡ-19 ਦਾ ਕੇਸ ਆਖਰੀ ਸੀ ਅਤੇ ਜੇ ਹੋ ਸਕੇ, ਤਾਂ ਟੈਸਟਿੰਗ ਦੀ ਮਿਤੀ ਅਤੇ ਲੱਛਣ ਵੀ।
- ਨਿਰਧਾਰਤ ਕਰੋ ਕਿ ਕਿਹੜੇ ਕਰਮਚਾਰੀ ਨਜ਼ਦੀਕੀ ਸੰਪਰਕ ਕਰਕੇ ਕੋਵਿਡ-19 ਦਾ ਸ਼ਿਕਾਰ ਹੋਏ ਹੋ ਸਕਦੇ ਹਨ।
- ਕਰਮਚਾਰੀਆਂ ਨੂੰ ਇੱਕ ਕੰਮ ਵਾਲੇ ਦਿਨ ਦੇ ਅੰਦਰ ਕਿਸੇ ਵੀ ਸੰਭਾਵਤ ਐਕਸਪੋਜਰ ਦੇ (ਅਤੇ ਕਿਸੇ ਹੋਰ ਮਾਲਕ ਨੂੰ ਸੂਚਿਤ ਕਰਨਾ ਜਿਸਨੇ ਕੰਮ ਵਾਲੀ ਥਾਂ ਤੇ ਕਰਮਚਾਰੀਆਂ ਨੂੰ ਸੰਭਾਵਤ ਤੌਰ ਤੇ ਉਜਾਗਰ ਕੀਤਾ ਹੋਵੇ) ਲਿਖਤੀ ਰੂਪ ਵਿੱਚ ਸੂਚਿਤ ਕਰਨਾ।
- ਸੰਭਾਵਤ ਤੌਰ ਤੇ ਸਾਹਮਣੇ ਆਉਣ ਵਾਲੇ ਕਰਮਚਾਰੀਆਂ ਨੂੰ ਬਿਨਾਂ ਕਿਸੇ ਕੀਮਤ ਦੇ ਅਤੇ ਕੰਮ ਦੇ ਘੰਟਿਆਂ ਦੇ ਦੌਰਾਨ, ਬਿਨਾਂ ਲੱਛਣ ਵਾਲੇ ਕਰਮਚਾਰੀਆਂ ਨੂੰ, ਜਿਨ੍ਹਾਂ ਨੂੰ ਨਜ਼ਦੀਕੀ ਸੰਪਰਕ ਤੋਂ ਪਹਿਲਾਂ ਪੂਰੀ ਤਰ੍ਹਾਂ ਟੀਕਾ ਲਗਾਇਆ ਗਿਆ ਸੀ ਅਤੇ-ਸੀਮਤ ਮਿਆਦ ਦੇ ਲਈ, ਹਾਲ ਹੀ ਵਿੱਚ ਕੋਵਿਡ ਤੋਂ ਠੀਕ ਹੋਏ ਕਰਮਚਾਰੀਆਂ ਲਈ, ਕੋਵਿਡ -19 ਦੀ ਟੈਸਟਿੰਗ ਉਪਲਬਧ ਕਰਵਾਉ ਅਤੇ ਕੰਮ ਤੇ ਵਾਪਸ ਆਉਣ ਦੇ ਬਾਅਦ ਉਨ੍ਹਾਂ ਨੇ ਕੋਵਿਡ -19 ਦੇ ਲੱਛਣ ਵਿਕਸਤ ਨਹੀਂ ਕੀਤੇ ਹਨ।
- ਕੋਵਿਡ -19 ਕੇਸਾਂ ਅਤੇ ਇਸਦੇ ਸ਼ਿਕਾਰ ਕਰਮਚਾਰੀਆਂ ਨੂੰ ਕੰਮ ਵਾਲੀ ਥਾਂ ਤੋਂ ਬਾਹਰ ਰੱਖੋ ਜਦੋਂ ਤੱਕ ਉਹ ਨਹੀਂ ਇੰਫ਼ੈਕਸ਼ਨ ਦੇ ਖਤਰੇ ਤੋਂ ਬਾਹਰ ਨਹੀਂ ਹੁੰਦੇ। ਸੰਪਰਕ ਵਿੱਚ ਆਏ ਕਰਮਚਾਰੀ ਜਿਨ੍ਹਾਂ ਨੂੰ ਪੂਰੀ ਤਰ੍ਹਾਂ ਟੀਕਾ ਲਗਾਇਆ ਗਿਆ ਹੈ ਜਾਂ ਜੋ ਹਾਲ ਹੀ ਵਿੱਚ ਕੋਵਿਡ -19 ਤੋਂ ਠੀਕ ਹੋਏ ਹਨ ਅਤੇ ਜਿਨ੍ਹਾਂ ਦੇ ਕੋਈ ਲੱਛਣ ਨਹੀਂ ਹਨ ਉਨ੍ਹਾਂ ਨੂੰ ਬਾਹਰ ਰੱਖਣ ਦੀ ਜ਼ਰੂਰਤ ਨਹੀਂ ਹੈ।
- ਖਤਰੇ ਦੀ ਜਾਂਚ ਕਰੋ, ਕੀ ਕਾਰਜ ਸਥਾਨ ਦੀਆਂ ਸਥਿਤੀਆਂ ਸ਼ਿਕਾਰ ਦੇ ਖਤਰੇ ਵਿੱਚ ਯੋਗਦਾਨ ਪਾ ਸਕਦੀਆਂ ਹਨ, ਅਤੇ ਕਿਹੜੀਆਂ ਸੋਧਾਂ ਖਤਰੇ ਨੂੰ ਘਟਾਉਣਗੀਆਂ।

## "ਨਜ਼ਦੀਕੀ ਸੰਪਰਕ" ਕੀ ਹੈ?

ਇੱਕ ਕਰਮਚਾਰੀ ਉਸ ਸਮੇਂ ਨਜ਼ਦੀਕੀ ਸੰਪਰਕ ਵਿੱਚ ਉਸ ਸਮੇਂ ਹੁੰਦੇ ਹਨ ਜਦੋਂ ਉਹ ਕੋਵਿਡ-19 ਦੇ ਕੇਸ ਵਿੱਚ 6 ਫੁੱਟ ਦੇ ਅੰਦਰ ਸਨ, ਜਾਂ ਲੱਛਣ ਵਾਲਾ ਵਿਅਕਤੀ, ਕਿਸੇ ਵੀ 24 ਘੰਟਿਆਂ ਦੀ ਮਿਆਦ ਵਿੱਚ " ਉੱਚ ਜੋਖਮ ਐਕਸਪੋਜਰ ਪੀਰਿਯਡ" ਦੇ ਅੰਦਰ ਜਾਂ ਔਵਰਲੈਪਿੰਗ ਦੇ ਦੌਰਾਨ ਕੁੱਲ 15 ਮਿਨਟ ਲਈ ਜਾਂ ਇਸ ਤੋਂ ਵੱਧ ਸਮੇਂ ਲਈ ਹੁੰਦੇ ਹਨ।

## ਨਿਯਮਾਂ ਦੀਆਂ ਟੈਸਟਿੰਗ ਜ਼ਰੂਰਤਾਂ ਦੀ ਪਾਲਣਾ ਕਰਨ ਲਈ ਕਿਸ ਕਿਸਮ ਦੇ ਟੈਸਟ ਸਵੀਕਾਰਯੋਗ ਹਨ?

ਯੂਨਾਇਟਿਡ ਸਟੇਟਸ ਫ਼ੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (FDA) ਦੁਆਰਾ ਪ੍ਰਵਾਨਤ ਟੈਸਟਾਂ ਜਾਂ ਜਿਨ੍ਹਾਂ ਕੋਲ ਮੌਜੂਦਾ ਇੰਫ਼ੈਕਸ਼ਨ ਨੂੰ SARS-CoV-2 ਵਾਇਰਸ ਦੇ ਨਾਲ ਜਾਂਚ ਕਰਨ ਲਈ ,FDA ਤੋਂ EUA ਹੈ, ਤਾਂ ਵਰਤੋਂ ਕੀਤੀ ਜਾ ਸਕਦੀ ਹੈ। ਇਨ੍ਹਾਂ ਵਿੱਚ PCR ਅਤੇ ਐਂਟੀਜੇਨ ਟੈਸਟ ਦੋਵੇਂ ਸ਼ਾਮਲ ਹਨ। ਟੈਸਟ ਨੂੰ FDA ਦੀ ਪ੍ਰਵਾਨਗੀ ਜਾਂ FDA EUA ਅਨੁਸਾਰ ਜਿਵੇਂ ਵੀ ਹੋਵੇ ਲਾਗੂ ਕੀਤਾ ਜਾਣਾ ਚਾਹੀਦਾ ਹੈ

## ਈ.ਟੀ.ਐਸ (ETS) ਵਿੱਚ ਟੈਸਟਿੰਗ ਦੀਆਂ ਕੀ ਜ਼ਰੂਰਤਾਂ ਹਨ ?

ਇੱਕ ਮਾਲਕ ਦੀਆਂ ਜਾਂਚ ਦੀਆਂ ਜ਼ਿੰਮੇਵਾਰੀਆਂ ਹੇਠ ਲਿਖੀਆਂ ਹਨ:

## ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ

## ਫਰੈਸਨੋ ਸਿਟੀ ਦੀ ਕੋਵਿਡ-19 ਵਾਇਰਸ ਟੈਸਟਿੰਗ ਯੋਜਨਾ

ਸਾਰੇ ਕਰਮਚਾਰੀਆਂ ਨੂੰ ਸੂਚਿਤ ਕਰੋ ਕਿ ਉਹ ਟੈਸਟ ਕਿਵੇਂ ਪ੍ਰਾਪਤ ਕਰ ਸਕਦੇ ਹਨ। ਇਹ ਮਾਲਕ,ਸਥਾਨਕ ਸਿਹਤ ਵਿਭਾਗ ਇੱਕ ਸਿਹਤ ਯੋਜਨਾ ਜਾਂ ਕਿਸੇ ਕਮਿਊਨਿਟੀ ਟੈਸਟਿੰਗ ਸੈਂਟਰ ਦੁਆਰਾ ਹੋ ਸਕਦਾ ਹੈ। ਸਾਰੇ ਕਰਮਚਾਰੀਆਂ ਦੀ ਇਕੋ ਜ਼ਿੰਮੇਵਾਰੀ ਜਾਣਕਾਰੀ ਪ੍ਰਦਾਨ ਕਰਨਾ ਹੈ। ਉਨ੍ਹਾਂ ਕਰਮਚਾਰੀਆਂ ਨੂੰ ਟੈਸਟਿੰਗ ਦੀ ਪੇਸ਼ਕਸ਼ ਕਰੋ ਜਿਨ੍ਹਾਂ ਨੂੰ ਪੂਰੀ ਤਰ੍ਹਾਂ ਟੀਕਾ ਨਹੀਂ ਲਗਾਇਆ ਗਿਆ ਹੈ ਜਾਂ ਜਿਨ੍ਹਾਂ ਨੂੰ ਲਗਾਇਆ ਗਿਆ ਹੈ ਤੇ ਕੋਈ ਲੱਛਣ ਨਹੀਂ ਹਨ ਅਤੇ ਕੰਮ ਦੇ ਨਜ਼ਦੀਕੀ ਸੰਪਰਕ ਦੀ ਸਥਿਤੀ ਵਿੱਚ ਅਦਾਇਗੀ ਸਮੇਂ ਦੇ ਦੌਰਾਨ, ਕੁਝ ਲੱਛਣ ਰਹਿਤ ਕਰਮਚਾਰੀਆਂ ਤੋਂ ਸਿਵਾ, ਜੋ ਹਾਲ ਹੀ ਵਿੱਚ ਕੋਵਿਡ -19 ਤੋਂ ਠੀਕ ਹੋਏ ਹਨ। ਕਿਸੇ ਵੀ ਕੀਮਤ ਤੇ ਸਮੇਂ-ਸਮੇਂ ਤੇ ਉਪਲਬਧ ਕਰੋ (ਘੱਟੋ ਘੱਟ ਸਪਤਾਹਿਕ ਜਾਂ ਹਫਤੇ ਵਿੱਚ ਦੋ ਵਾਰ ਪ੍ਰਕੋਪ ਦੀ ਤੀਬਰਤਾ ਦੇ ਅਧਾਰ ਤੇ) ਕੋਵਿਡ -19 ਦੇ ਪ੍ਰਕੋਪ ਦੇ ਦੌਰਾਨ ਇੱਕ ਸੰਪਰਕ ਸਮੂਹ ਦੇ ਅੰਦਰ ਸਾਰੇ ਕਰਮਚਾਰੀਆਂ ਲਈ ਟੈਸਟਿੰਗ, ਉਨ੍ਹਾਂ ਕਰਮਚਾਰੀਆਂ ਨੂੰ ਛੱਡ ਕੇ ਜੋ ਸੰਬੰਧਤ ਸਮੇਂ ਦੌਰਾਨ ਕੰਮ ਤੇ ਨਹੀਂ ਸਨ ; ਬਿਨਾਂ ਲੱਛਣਾਂ ਦੇ ਟੀਕਾਕਰਣ ਕਰਮਚਾਰੀਆਂ ਲਈ; ਅਤੇ-ਇੱਕ ਸੀਮਤ ਮਿਆਦ ਦੇ ਕਰਮਚਾਰੀਆਂ ਲਈ ਜੋ ਹਾਲ ਹੀ ਵਿੱਚ ਕੋਵਿਡ -19 ਤੋਂ ਠੀਕ ਹੋਏ ਹਨ ਅਤੇ ਕੰਮ ਤੇ ਵਾਪਸ ਆਉਣ ਤੋਂ ਬਾਅਦ ਉਨ੍ਹਾਂ ਵਿੱਚ ਕੋਵਿਡ -19 ਦੇ ਲੱਛਣ ਵਿਕਸਤ ਨਹੀਂ ਹੋਏ ਹਨ।

ਟੈਸਟਿੰਗ ਅਜਿਹੇ ਤਰੀਕੇ ਨਾਲ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਜੋ ਕਰਮਚਾਰੀ ਦੀ ਗੁਪਤਤਾ ਨੂੰ ਯਕੀਨੀ ਬਣਾਏ।

**ਕਿ ਮਾਲਕ ਨੂੰ ਉਨਾਂ ਦੇ ਰੁਜ਼ਗਾਰ ਵਾਲੇ ਸਥਾਨ ਤੇ ਕਰਮਚਾਰੀਆਂ ਨੂੰ ਟੈਸਟਿੰਗ ਪ੍ਰਦਾਨ ਕਰਨੀ ਪੈਂਦੀ ਹੈ?**

ਨਹੀਂ। ਮਾਲਕ ਕਰਮਚਾਰੀਆਂ ਨੂੰ ਉਨ੍ਹਾਂ ਦੇ ਕੰਮ ਦੇ ਸਥਾਨ ਤੋਂ ਵੱਖਰੀ ਟੈਸਟਿੰਗ ਸਾਈਟ 'ਤੇ ਟੈਸਟ ਮੁਹੱਈਆ ਜਾਂ ਉਪਲਬਧ ਕਰਵਾ ਸਕਦਾ ਹੈ, ਹਾਲਾਂਕਿ, ਸਿਟੀ ਕੋਲ ਸਾਈਟ' ਤੇ ਟੈਸਟ ਕਰਨ ਦੇ ਬਹੁਤ ਸਾਰੇ ਵਿਕਲਪ ਹੋਣਗੇ, ਜਿਹੜੇ ਮੁਫਤ ਹੋਣਗੇ।

**ਕਿ ਟੀਕੇ ਸੁਰੱਖਿਅਤ ਹਨ?**

FDA ਟੀਕਿਆਂ ਨੂੰ ਨਿਯਮਤ ਕਰਦਾ ਹੈ। ਟੀਕੇ ਇਨ੍ਹਾਂ ਉਤਪਾਦਾਂ ਦੀ ਸੁਰੱਖਿਆ, ਪ੍ਰਭਾਵਸ਼ੀਲਤਾ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਪ੍ਰਯੋਗਸ਼ਾਲਾ, ਕਲੀਨਿਕਲ ਅਤੇ ਨਿਰਮਾਣ ਅੰਕੜਿਆਂ ਦੀ ਸਖਤ ਸਮੀਖਿਆ ‘ਚੋ ਗੁਜ਼ਰਦੇ ਹਨ। ਮਾਰਕੀਟਿੰਗ ਲਈ ਮਨਜ਼ੂਰਸ਼ੁਦਾ ਟੀਕਿਆਂ ਨੂੰ ਟੀਕੇ ਦਾ ਹੋਰ ਮੁਲਾਂਕਣ ਕਰਨ ਅਤੇ ਅਕਸਰ ਟੀਕੇ ਦੀ ਸੁਰੱਖਿਆ, ਪ੍ਰਭਾਵਸ਼ੀਲਤਾ, ਜਾਂ ਸੰਭਾਵਿਤ ਮਾੜੇ ਪ੍ਰਭਾਵਾਂ ਬਾਰੇ ਵਿਸ਼ੇਸ਼ ਪ੍ਰਸ਼ਨਾਂ ਦੇ ਹੱਲ ਲਈ ਵਾਧੂ ਅਧਿਐਨ ਕਰਨ ਦੀ ਜ਼ਰੂਰਤ ਹੋ ਸਕਦੀ ਹੈ।

23 ਅਗਸਤ, 2021 ਨੂੰ, FDA ਨੇ 16 ਸਾਲ ਜਾਂ ਉਸ ਤੋਂ ਵੱਡੀ ਉਮਰ ਦੇ ਵਿਅਕਤੀਆਂ ਵਿੱਚ ਬਿਮਾਰੀ ਦੀ ਰੋਕਥਾਮ ਲਈ ਪਹਿਲੀ ਕੋਵਿਡ -19 ਵੈਕਸੀਨ ਨੂੰ ਮਨਜ਼ੂਰੀ ਦਿੱਤੀ, ਜਿਸਨੂੰ ਫਾਈਜ਼ਰ ਬਾਇਓਨਟੇਕ ਕੋਵਿਡ -19 ਵੈਕਸੀਨ, ਜਿਸਨੂੰ ਹੁਣ ਕੋਮਿਰਨਾਟੀ (ਕੋ-ਮੀਰ-ਨਾ-ਟੀ) ਵਜੋਂ ਜਾਣਿਆ ਜਾਂਦਾ ਹੈ। ਇਹ ਟੀਕਾ EUA ਦੇ ਅਧੀਨ ਵੀ ਉਪਲਬਧ ਹੈ, ਜਿਸ ਵਿੱਚ 12 ਤੋਂ 15 ਸਾਲ ਦੀ ਉਮਰ ਦੇ ਲੋਕਾਂ ਅਤੇ ਕੁਝ ਇਮਯੂਨੋਕੰਪ੍ਰੋਮਾਈਜ਼ਡ ਵਿਅਕਤੀਆਂ ਵਿੱਚ ਤੀਜੀ ਖੁਰਾਕ ਦੇ ਪ੍ਰਬੰਧਨ ਵੀ ਸ਼ਾਮਲ ਹਨ।

**ਕਿ ਕੋਵਿਡ-19 ਟੈਸਟਿੰਗ ਸੁਰੱਖਿਅਤ ਹੈ?**

ਸਾਰੀ ਸਿਟੀ ਦੀ ਕੋਵਿਡ-19 ਟੈਸਟਿੰਗ ਯੂਨਾਇਟਿਡ ਸਟੇਟਸ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (FDA) ਦੁਆਰਾ ਪ੍ਰਵਾਨਤ ਹੋਏਗੀ ਜਾਂ ਜਿਨ੍ਹਾਂ ਕੋਲ ਮੌਜੂਦਾ ਇੰਫ਼ੈਕਸ਼ਨ ਨੂੰ SARS-CoV-2 ਵਾਇਰਸ ਦੇ ਨਾਲ ਜਾਂਚ ਕਰਨ ਲਈ ,FDA ਤੋਂ EUA ਹੈ; ਅਤੇ FDA ਦੀ ਪ੍ਰਵਾਨਗੀ ਜਾਂ FDA EUA ਅਨੁਸਾਰ ਜਿਵੇਂ ਵੀ ਹੋਵੇ, ਲਾਗੂ ਕੀਤੇ ਜਾਣਗੇ।

**ਪ੍ਰਕਿਰਿਆ ਦੇ ਪ੍ਰਸ਼ਨ**

**ਜੇ ਮੈਡੀਕਲ ਦੇ ਮਾਹਰ ਭਵਿੱਖ ਵਿੱਚ ਨਿਰਧਾਰਤ ਕਰਦੇ ਹਨ ਕਿ ਬੂਸਟਰਾਂ ਦੀ ਜ਼ਰੂਰਤ ਹੈ, ਕਿ ਸਿਟੀ ਨੂੰ ਵੀ ਬੂਸਟਰਾਂ ਦੇ ਸਬੂਤ ਦੀ ਲੋੜ ਪਵੇਗੀ?**

ਕੋਵਿਡ-19 ਵੱਧਦਾ ਜਾ ਰਿਹਾ ਹੈ, ਅਤੇ ਸਿਟੀ ਲੋਕਲ, ਰਾਜ,ਫੈਡਰਲ ਅਤੇ ਵਿਸ਼ਵ ਸਿਹਤ ਏਜੈਂਸੀਆਂ ਤੋਂ ਮਾਰਗਦਰਸ਼ਨ ਦੀ ਸਮੀਖਿਆ ਕਰਨਾ ਜਾਰੀ ਰੱਖੇਗਾ ਅਤੇ ਸਾਰੇ ਕਰਮਚਾਰੀਆਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਕਾਇਮ ਰੱਖਣ ਦੇ ਟੀਚੇ ਦੇ ਅਧਾਰ ਦੇ ਲੋੜ ਅਨੁਸਾਰ ਨੀਤੀ ਵਿੱਚ ਬਦਲਾਵ ਕਰੋ।

# ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ

## ਫਰੈਸਨੋ ਸਿਟੀ ਦੀ  ਕੋਵਿਡ-19 ਵਾਇਰਸ ਟੈਸਟਿੰਗ ਯੋਜਨਾ

**ਟੈਸਟਿੰਗ ਕੇਵਲ ਗੈਰ-ਟੀਕਾਕਰਣ ਵਾਲਿਆਂ ਲਈ ਹੀ ਕਿਉਂ ਹੋਵੇਗੀ?**

ਟੀਕਾ ਲੱਗੇ ਹੋਏ ਕਰਮਚਾਰੀਆਂ ਦੇ ਕੋਵਿਡ-19 ਦੇ ਸੰਕਰਮਣ ਦੀ, ਥੋੜ੍ਹੀ ਅਤੇ ਘੱਟ ਬਿਮਾਰੀ ਹੋਣ, ਅਤੇ ਸੰਚਾਰਿਤ ਹੋਣ ਦੀ ਘੱਟ ਸੰਭਾਵਨਾ ਹੈ। ਸਰੋਤ ਸੀਮਿਤ ਹਨ ਅਤੇ ਉਨਾਂ ਖੇਤਰਾਂ ਤੇ ਹੀ ਫੋਕਸ ਕਰੇਗਾ ਜਿਨਾਂ ਦਾ ਪ੍ਰਭਾਵ ਸਭ ਤੋਂ ਜਿਆਦਾ ਹੋਵੇਗਾ।

**ਜਿੱਥੇ ਤਕ ਟੈਸਟਿੰਗ ਦੀ ਗੱਲ ਹੈ, ਟੈਸਟਿੰਗ ਕੋਣ ਕਰੇਗਾ? ਉਨਾਂ ਦੀ ਯੋਗਤਾ ਕੀ ਹੋਵੇਗੀ?**

ਯੂ.ਸੀ.ਐਸ.ਐਫ(UCSF) ਦੁਆਰਾ ਟੈਸਟਿੰਗ ਕਰਾਈ ਜਾਏਗੀ। ਯੂ.ਸੀ.ਐਸ.ਐਫ(UCSF)ਫਰੈਸਨੋ ਯੂ.ਸੀ(UC) ਸੈਨ ਫ੍ਰਾਂਸਿਸਕੋ ਸਕੂਲ ਔਫ ਮੈਡਿਸਿਨ ਦੀ ਸਭ ਤੋਂ ਵੱਡੀ ਬ੍ਰਾਂਚ ਹੈ।

**ਕਿਸ ਪ੍ਰਕਾਰ ਦੇ ਟੈਸਟ ਦੀ ਵਰਤੋਂ ਕੀਤੀ ਜਾਵੇਗੀ?**

ਐਫ.ਡੀ.ਏ(FDA) ਵੱਲੋਂ ਮਨਜ਼ੂਰ ਪੀ.ਸੀ.ਆਰ(PCR)ਜਿੱਥੇ ਸੈਂਪਲ ਨੱਕ ਦੇ ਫੰਦੇ ਦੁਆਰਾ ਇਕੱਠੇ ਕੀਤੇ ਜਾ ਸਕਦੇ ਹਨ  , ਜਾਂ ਮੂੰਹ ਦੇ ਅੰਦਰੂਨੀ ਹਿੱਸੇ ਦਾ ਪ੍ਰਯੋਗ ਕੀਤਾ ਜਾਏਗਾ।

**ਟੈਸਟਿੰਗ ਕਿੰਨੀ ਕੁ ਸਹੀ ਹੈ?**

ਪੀ.ਸੀ.ਆਰ(PCR) ਟੈਸਟਿੰਗ ਦੀ ਸ਼ੁੱਧਤਾ ਦਰ 99.6% ਹੈ।

**ਟੈਸਟਿੰਗ ਦੀਆਂ ਜਰੂਰਤਾਂ ਕਦੋਂ ਸ਼ੁਰੂ ਹੋਣਗੀਆ?**

ਟੀਕਾਕਰਣ ਦਾ ਸਬੂਤ ਨਾ ਪੇਸ਼ ਕਰਨ ਵਾਲੇ ਕਰਮਚਾਰੀਆਂ ਦੀ ਲਾਜ਼ਮੀ ਜਾਂਚ ਸੋਮਵਾਰ, 20 ਸਿਤੰਬਰ, 2021 ਤੋਂ ਸ਼ੁਰੂ ਹੋਵੇਗੀ।

**ਪ੍ਰਕਿਰਿਆ ਕੀ ਹੋਵੇਗੀ?**

ਕਰਮਚਾਰੀਆਂ ਨੂੰ ਟੈਸਟ ਲਈ ਇੱਕ ਦਿਨ ਦਿੱਤਾ ਜਾਏਗਾ ਅਤੇ ਨਿਰਧਾਰਿਤ ਦਿਨ ‘ਤੇ ਉਨਾਂ ਨੂੰ ਨਜ਼ਦੀਕੀ ਉਪਲਬਧ ਸਿਟੀ ਸਾਈਟ ਤੇ ਜਾਣਾ ਚਾਹੀਦਾ ਹੈ। ਸੈਂਪਲ ਇਕੱਠੇ ਕੀਤੇ ਜਾਣਗੇ ਅਤੇ ਫਿਰ ਕਰਮਚਾਰੀ ਨੂੰ ਵਾਪਿਸ ਕੰਮ ਤੇ ਜਾਣਾ ਚਾਹੀਦਾ ਹੈ। ਜੇ ਕਿਸੇ ਕਰਮਚਾਰੀ ਦਾ ਕੋਵਿਡ-19 ਦਾ ਟੈਸਟ ਪੋਜ਼ਿਟਿਵ ਪਾਇਆ ਜਾਏਗਾ, ਉਨਾਂ ਕਰਮਚਾਰੀਆਂ ਨਾਲ ਸੰਪਰਕ ਕੀਤਾ ਜਾਣਾ ਚਾਹੀਦਾ ਹੈ, ਸਿਹਤਮੰਦ ਕੰਮ ਵਾਲੀ ਜਗ੍ਹਾ ਦੀ ਟਾਸਕ ਫੋਰਸ ਵੱਲੋਂ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ, ਅਤੇ ਲਾਗੂ ਸਮੇਂ ਲਈ ਅਲੱਗ ਰੱਖਿਆ ਜਾਏਗਾ। ਕਰਮਚਾਰੀ ਜਿਨਾਂ ਦਾ ਟੈਸਟ ਨੈਗੇਟਿਵ ਆਏਗਾ , ਉਨਾਂ ਨੂੰ ਜਾਣਕਾਰੀ ਨਹੀਂ ਦਿੱਤੀ ਜਾਏਗੀ।

**ਕਿ ਟੈਸਟਿੰਗ ਵਿੱਚ ਬੀਤੇ ਸਮੇਂ ਦਾ ਭੁਗਤਾਨ ਕੀਤਾ ਜਾਵੇਗਾ?**

ਕਰਮਚਾਰੀਆਂ ਨੂੰ ਕੋਵਿਡ-19 ਘਟਾਉਣ ਦੀ ਯੋਜਨਾ ਅਨੁਸਾਰ ਯੋਜਨਾ ਸਿਟੀ ਟੈਸਟਿੰਗ ਸਾਈਟਾਂ ਵਿੱਚੋਂ ਕਿਸੇ ਇੱਕ ਤੇ ਅਦਾਇਗੀ ਸਮੇਂ ਤੇ ਟੈਸਟ ਕਰਵਾਉਣਾ ਜ਼ਰੂਰੀ ਹੈ।

**ਕਿ ਜੇਕਰ ਮੈ ਗੈਰ-ਹਾਜ਼ਰੀ ਦੇ ਕਾਰਣ ਆਪਣਾ ਟੈਸਟਿੰਗ ਦਾ ਦਿਨ ਮਿਸ ਕਰ ਦਿੱਤਾ?**

ਕਰਮਚਾਰੀ ਜਿਨਾਂ ਨੇ ਕਿਸੇ ਗੈਰ-ਹਾਜ਼ਰੀ ਕਾਰਣ ਆਪਣੇ ਟੈਸਟਿੰਗ ਦਾ ਦਿਨ ਮਿਸ ਕਰ ਦਿੱਤਾ ਉਨਾਂ ਨੂੰ ਜਲਦੀ ਤੋਂ ਜਲਦੀ ਸਿਟੀ ਸੇਵਾ ਤੋਂ ਟੈਸਟ ਕਰਾ ਲੈਣਾ ਚਾਹੀਦਾ ਹੈ, ਪਰ ਕਿਸੇ ਵੀ ਸਥਿਤੀ ਵਿੱਚ ਉਨਾਂ ਦੇ ਕੰਮ ਤੇ ਵਾਪਿਸ ਆਉਣ ਦੀ ਮਿਤੀ ਤੋਂ ਤਿੰਨ ਕੰਮ ਵਾਲੇ ਦਿਨਾਂ ਤੋਂ ਵੱਧ ਨਹੀਂ।

**ਕਿ ਜੇਕਰ ਮੈ ਟੀਕਾ ਲਗਵਾਉਣਾ ਚਾਹੁੰਦਾ ਹਾਂ?**

ਸਿਟੀ ਰੋਜ਼ ਪਬਲਿਕ ਅਫ਼ੇਰਸ ਦੀ ਈਮੇਲ ਰਾਹੀਂ ਮੁਫ਼ਤ ਟੀਕੇ ਦੇ ਕਲੀਨਿਕਾਂ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ, ਸਿਟੀ ਦੀ ਕਰਮਚਾਰੀ ਸਿਹਤ ਬੀਮਾ ਯੋਜਨਾ ਵਿੱਚ ਕੋਵਿਡ-19 ਟੀਕੇ ਸ਼ਾਮਲ ਹਨ, ਅਤੇ ਸਿਟੀ ਵਿੱਚ ਔਨ-ਸਾਈਟ ਪੌਪ-ਅੱਪ ਟੀਕਾਕਰਣ ਕਲੀਨਿਕ ਹੋਣਗੇ,ਜਿਸਦਾ ਐਲਾਨ ਸਮੇਂ ਤੋਂ ਪਹਿਲਾਂ ਕੀਤਾ ਜਾਵੇਗਾ।

**ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ**

**ਫਰੈਸਨੋ ਸਿਟੀ ਦੀ ਕੋਵਿਡ-19 ਵਾਇਰਸ ਟੈਸਟਿੰਗ ਯੋਜਨਾ**

**ਕਿ ਜੇਕਰ ਮੈਨੂ ਟੀਕਾ ਲੱਗਿਆ ਹੋਇਆ ਹੈ ਅਤੇ ਮੈ ਸਿਟੀ ਨੂੰ ਸਬੂਤ ਦਿਖਾਉਣਾ ਚਾਹੁੰਦਾ ਹਾਂ?**

ਕਿਰਪਾ ਕਰਕੇ ਆਪਣੇ ਟੀਕਾਕਰਣ ਦੀ ਜਾਣਕਾਰੀ ਦੇਣ ਦੇ ਸਮੇਂ ਦਾ ਪ੍ਰਬੰਧ ਕਰਨ ਲਈ ਕਰਮਚਾਰੀ ਸੇਵਾਵਾਂ ਨਾਲ ਸੰਪਰਕ ਕਰੋ। ਪੀ.ਐਸ.ਡੀ(PSD)ਹੁਣ ਜ਼ੂਮ ਸੈਸ਼ਨ ਵੀ ਪੇਸ਼ ਕਰ ਰਿਹਾ ਹੈ।

**ਜੇਕਰ ਮੈਨੂੰ ਟੀਕਾ ਲੱਗਿਆ ਹੋਇਆ ਹੈ ਪਰ ਮੈ ਟੈਸਟ ਕਰਵਾਉਣਾ ਚਾਹੁੰਦਾ ਹਾਂ, ਕਿ ਮੈ ਸਿਟੀ ਟੈਸਟਿੰਗ ਸਾਈਟਾਂ ਦੀ ਵਰਤੋਂ ਕਰ ਸਕਦਾ ਹਾਂ ?**

ਹਾਂ, ਕੋਈ ਵੀ ਕਰਮਚਾਰੀ ਸਿਟੀ ਟੈਸਟਿੰਗ ਸਾਈਟਾਂ ਦੀ ਵਰਤੋਂ ਕਰ ਸਕਦਾ ਹੈ।

**ਕਿ ਹੋਵੇਗਾ ਜੇਕਰ ਮੈ ਟੈਸਟਿੰਗ ਲਈ ਮਨਾ ਕਰਦਾ ਹਾਂ ?**

ਇਮਾਨਦਾਰੀ ਨਾਲ ਰੱਖੇ ਧਾਰਮਿਕ ਵਿਸ਼ਵਾਸ ਜਾਂ ਡਾਕਟਰੀ ਮੁੱਦੇ ਦੇ ਆਧਾਰ ਤੇ ਇੰਟ੍ਰੈਕਟਿਵ ਪ੍ਰਕਿਰਿਆ ਦੇ ਨਤੀਜੇ ਵਜੋਂ ਪ੍ਰਵਾਨਤ ਵਾਜਬ ਰਿਹਾਈਸ਼ਾਂ ਦੇ ਬਾਹਰ, ਕਰਮਚਾਰੀਆਂ ਨੇ ਟੈਸਟਿੰਗ ਵਿੱਚ ਸ਼ਾਮਿਲ ਹੋਣ ਤੋਂ ਇਨਕਾਰ ਕਰਨਾ ਅਤੇ ਟੀਕਾਕਰਣ ਦਾ ਸਬੂਤ ਦੇਣ ਤੋਂ ਵੀ ਇਨਕਾਰ ਕਰਨਾ ਅਨੁਸ਼ਾਸਨੀ ਕਾਰਵਾਈ ਦੇ ਅਧੀਨ ਸਮਾਪਤੀ ਸਮੇਤ ਹੋਵੇਗਾ।

**ਕਿ ਹੋਵੇਗਾ ਜੇਕਰ ਮੈਨੂੰ ਲੱਗਦਾ ਹੈ ਕਿ ਮੈ ਲਾਜ਼ਮੀ ਟੈਸਟਿੰਗ ਦੇ ਕਾਰਣ ਕੋਵਿਡ-19 ਦੇ ਸੰਪਰਕ ਵਿੱਚ ਆਇਆ ਹਾਂ, ਮੈਨੂੰ ਕੋਈ ਚੋਟ ਲੱਗੀ ਹੈ ਜਾਂ ਬਿਮਾਰੀ ਹੈ, ਜਾਂ ਕਿਸੇ ਹੋਰ ਤਰੀਕੇ ਨਾਲ ਕੋਈ ਚੋਟ ਜਾਂ ਬਿਮਾਰੀ ਜਿਹੜੀ ਕਿ ਸਿਟੀ ਦੇ ਕੋਵਿਡ-19 ਦੀ ਨਿਵਾਰਣ ਯੋਜਨਾ ਦੇ ਕਾਰਣ ਹੋਈ ਹੈ?**

ਕੋਈ ਵੀ ਕਰਮਚਾਰੀ ਜੇ ਇਹ ਸੋਚਦਾ ਹੈ ਕਿ ਕੰਮ ਕਰਕੇ ਉਸ ਨੂੰ ਕੋਈ ਚੋਟ ਲੱਗੀ ਹੈ ਜਾਂ ਉਹ ਬਿਮਾਰ ਹੈ, ਜਿਸ ਵਿੱਚ ਕੰਮ ਦੀਆਂ ਸਥਿਤੀਆਂ ਵੀ ਸ਼ਾਮਿਲ ਹਨ, ਉਸਨੂੰ ਕਰਮਚਾਰੀਆਂ ਦੇ ਮੁਆਵਜ਼ੇ ਦਾ ਕਲੇਮ ਕਰਨਾ ਚਾਹੀਦਾ ਹੈ। ਕਲੇਮ ਦਾ ਮੁਲਾਂਕਣ ਆਮ ਪ੍ਰਕਿਰਿਆ ਰਾਹੀਂ ਕੀਤਾ ਜਾਵੇਗਾ। ਕਰਮਚਾਰੀ ਜਿਹੜੇ ਕਲੇਮ ਦਾਇਰ ਕਰਨ ਦੇ ਚਾਹਵਾਨ ਹਨ ਆਪਣੇ ਵਿਭਾਗ ਦੇ ਕਰਮਚਾਰੀ ਮੈਨੇਜਰ ਜਾਂ ਪੀ.ਐਸ.ਡੀ(PSD) ਨਾਲ ਪੁੱਛ-ਗਿੱਛ ਕਰ ਸਕਦੇ ਹਨ।

## ਹੋਰ ਪ੍ਰਸ਼ਨ ?

**HWTF@fresno.gov ਤੇ ਈਮੇਲ ਕਰੋ ਅਤੇ ਸਿਟੀ ਦੇ ਸਿਹਤ ਕਾਰਜ ਸਥਾਨ ਟਾਸਕ ਫੋਰਸ ਦਾ ਇੱਕ ਮੈਂਬਰ ਤਹਾਡੀ ਪੱਛ-ਗਿੱਛ ਦਾ ਜਵਾਬ ਦੇਵੇਗਾ।**